ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਏ. ਭਾਗ ਦੂਜਾ

ਪੰਜਾਬੀ ਲਾਜ਼ਮੀ

ਸਮੈਸਟਰ ਚੌਥਾ

ਮੀਡੀਅਮ : ਪੰਜਾਬੀ

ਯੂਨਿਟ : 2

ਪਾਠ ਨੰ.

2.1 : ਸ਼ਬਦ ਸ਼੍ਰੇਣੀਆਂ

2.2 : ਕਾਰਕ ਅਤੇ ਕਾਰਕੀ ਸਬੰਧ

2.3 : ਵਿਆਕਰਣਕ ਵਰਗ

2.4 : ਪੰਜਾਬੀ ਫੌਂਟ ਅਤੇ ਗੁਰਬਾਣੀ ਵਿਆਕਰਣ ਨਾਲ ਜਾਣ-ਪਛਾਣ

Department website : www.pbidde.org

ਪਾਠ ਨੰਬਰ : 2.1 **ਲੇਖਕ : ਡਾ. ਗੁਰਪ੍ਰੀਤ ਕੌਰ ਬਰਾੜ**

ਸ਼ਬਦ ਸ਼੍ਰੇਣੀਆਂ

ਭਾਸ਼ਾ ਮੂੰਹੋਂ ਉਚਾਰੀਆਂ ਧੁਨੀਆਂ ਨਾਲ ਬਣਦੀ ਹੈ। ਧੁਨੀਆਂ ਦੇ ਸੰਜੋਗ ਸ਼ਬਦਾਂ ਦੀ ਸਿਰਜਣਾ ਕਰਦੇ ਹਨ। ਜਿਵੇਂ ਕਿ ੍/ਸ, ਕ, ਰ, ੜ/ ਧੁਨੀਆਂ ਹਨ, ਇਹਨਾਂ ਦੇ ਆਪਣੇ ਆਪ ਵਿੱਚ ਕੋਈ ਅਰਥ ਹਨ ਪਰ ਇਹਨਾਂ ਧੁਨੀਆਂ ਨਾਲ ਜਿਹੜੇ ਸ਼ਬਦਾਂ ਦੀ ਸਿਰਜਣਾ ਹੁੰਦੀ ਹੈ ਉਹਨਾਂ ਦੇ ਅਰਥ ਹੁੰਦੇ ਹਨ ਜਿਵੇਂ ਕਿ ਸਕੂਲ, ਕਿਤਾਬ, ਵਿਦਿਆਰਥੀ ਆਦਿ। ਇਸੇ ਤਰ੍ਹਾਂ ਹੀ ਸ਼ਬਦਾਂ ਦੇ ਸਮੂਹ ਵਾਕ ਦੀ ਸਿਰਜਣਾ ਕਰਦੇ ਹਨ। ਸੋ ਭਾਸ਼ਾ ਦੇ ਚਾਰ ਮੁੱਖ ਅੰਗ : ਧੁਨੀ ਸ਼ਬਦ, ਵਾਕ ਅਤੇ ਅਰਥ ਮੰਨੇ ਗਏ ਹਨ।

ਵਾਕ ਵਿੱਚ ਸ਼ਬਦ ਕਿਸੇ ਨਿਸ਼ਚਿਤ ਤਰਤੀਬ ਨਾਲ ਵਰਤੇ ਜਾਂਦੇ ਹਨ। ਵਾਕਾਂ ਦੀ ਇਸ ਤਰਤੀਬ ਨੂੰ ਸਮਝਣ/ਜਾਨਣ ਲਈ ਵਿਆਕਰਣਕਾਰਾਂ ਨੇ ਸ਼ਬਦਾਂ ਨੂੰ ਕੁਝ ਸ਼੍ਰੇਣੀਆਂ ਵਿੱਚ ਵੰਡਿਆ ਹੈ। ਇਹਨਾਂ ਸ਼ਬਦ-ਸ਼੍ਰੇਣੀਆਂ ਨੂੰ ਵਿਆਕਰਣਿਕ ਸ਼੍ਰੇਣੀਆਂ ਕਿਹਾ ਜਾਂਦਾ ਹੈ। ਵਿਆਕਰਣਕਾਰਾਂ ਨੇ ਇਹਨਾਂ ਸ਼੍ਰੇਣੀਆਂ ਦੇ ਨਾਮ ਦਿੱਤੇ ਹਨ :

1. ਨਾਂਵ
2. ਪੜਨਾਂਵ
3. ਕਿਰਿਆ
4. ਵਿਸ਼ੇਸ਼ਣ
5. ਕਿਰਿਆ ਵਿਸ਼ੇਸ਼ਣ
6. ਸੰਬੰਧਕ
7. ਯੋਜਕ

ਨਾਂਵ

ਵਿਆਕਰਨ ਦੀ 'ਨਾਂਵ' ਸ਼੍ਰੇਣੀ ਵਿੱਚ ਉਸ ਸ਼ਬਦ ਨੂੰ ਰੱਖਿਆ ਜਾਂਦਾ ਹੈ, ਜਿਹੜਾ ਕਿਸੇ ਮਨੁੱਖ, ਵਸਤੂ, ਥਾਂ ਦੇ ਨਾਂ ਨੂੰ ਪ੍ਰਗਟ ਕਰੇ ਜਿਵੇਂ ਕਿ ਰਮਨਦੀਪ ਕੌਰ, ਅਮਨਦੀਪ ਸਿੰਘ, ਬਿਆਸ, ਮੋਗਾ ਆਦਿ। ਇਸ ਤੋਂ ਇਲਾਵਾ ਕਿਤਾਬ, ਕੁਰਸੀ, ਚਿੜੀ, ਹਵਾ, ਚਾਨਣ ਵੀ ਨਾਂਵ ਹਨ।

ਨਾਂਵ ਦੀਆਂ ਸ਼੍ਰੇਣੀਆਂ

ਅਰਥਾਂ ਦੇ ਅਧਾਰ ਤੇ ਨਾਂਵ ਦੀਆਂ ਹੇਠ ਲਿਖੀਆਂ ਸ਼੍ਰੇਣੀਆਂ ਹਨ

1. ਨਿੱਜੀ(ਖਾਸ) ਨਾਂਵ
2. ਜਾਤੀ ਬੋਧਕ ਨਾਂਵ
3. ਸਮੂਹਵਾਚੀ ਨਾਂਵ
4. ਪਦਾਰਥਬੋਧਕ ਨਾਂਵ
5. ਭਾਵਵਾਚੀ ਨਾਂਵ

ਨਿੱਜੀ(ਖਾਸ) ਨਾਂਵ : ਕਿਸੇ ਖਾਸ ਵਿਅਕਤੀ, ਵਸਤੂ/ਚੀਜ਼ ਜਾਂ ਜਾਨਵਰ ਨੂੰ ਦਰਸਾਉਣ ਵਾਲੇ ਨਾਂ ਨੂੰ ਖਾਸ ਨਾਂਵ ਕਿਹਾ ਜਾਂਦਾ ਹੈ ਜਿਵੇਂ ਪੰਜਾਬ, ਪਟਿਆਲਾ, ਤੇਗਫਤਿਹ ਸਿੰਘ, ਅਮਾਨਤ ਕੌਰ ਸਭ ਨਿੱਜੀ(ਖਾਸ) ਨਾਂਵ ਹਨ। ਨਿੱਜੀ(ਖਾਸ) ਨਾਂਵ ਦੀ ਖਾਸੀਅਤ ਇਹ ਹੈ ਕਿ ਇਸਦ ਕਦੇ ਵੀ ਬਹੁਵਚਨ ਨਹੀਂ ਬਣਦਾ।

ਜਾਤੀਬੋਧਕ ਨਾਂਵ : ਜਿਹਨਾਂ ਦੀ ਗਿਣਤੀ ਸੰਭਵ ਹੋਵੇ, ਭਾਵ ਵਿਅਕਤੀਆਂ-ਜਾਨਵਰਾਂ ਆਦਿ ਦੀ ਪੂਰੀ ਸ਼੍ਰੇਣੀ ਲਈ ਵਰਤੇ ਜਾਣ ਵਾਲੇ ਨਾਂਵ ਨੂੰ ਜਾਤੀਬੋਧਕ ਨਾਂਵ ਕਿਹਾ ਜਾਂਦਾ ਹੈ। ਜਿਵੇਂ ਕਿ ਦੇਸ਼, ਸ਼ਹਿਰ, ਪਹਾੜ, ਖਿਡਾਰੀ, ਮੇਜ਼, ਕੁਰਸੀ ਆਦਿ ਜਾਤੀਬੋਧਕ ਨਾਂਵ ਹਨ।

ਹਰ ਜਾਤੀਬੋਧਕ ਨਾਵਾਂ ਦਾ ਬਹੁ-ਵਚਨ ਬਣਦਾ ਹੈ। ਜਾਤੀਬੋਧਕ ਨਾਂਵ ਪੂਰੀ ਸ਼੍ਰੇਣੀ ਲਈ ਵੀ ਵਰਤਿਆ ਜਾਂਦਾ ਹੈ ਅਤੇ ਉਸ ਦੇ ਹਰ ਵੱਖਰੇ ਵਿਅਕਤੀ ਵਸਤੂ ਜਾਂ ਪਸ਼ੂ ਆਦਿ ਲਈ ਵੀ ਜਿਵੇਂ ਕਿ ਗਾਂ, ਸਾਰੀ ਗਾਂ-ਜਾਤੀ ਲਈ ਵੀ ਵਰਤਿਆ ਜਾਂਦਾ ਹੈ ਅਤੇ ਇਕ ਗਾਂ ਲਈ ਵੀ।

ਸਮੂਹਵਾਚੀ ਨਾਂਵ : ਮਨੁੱਖਾਂ, ਪਸ਼ੂਆਂ ਤੇ ਗਿਣੀਆਂ ਜਾਣ ਵਾਲੀਆਂ ਵਸਤਾਂ ਦੇ ਸਮੂਹ ਜਾਂ ਇੱਕਠ ਲਈ ਵਰਤੇ ਜਾਣ ਵਾਲੇ ਨਾਂਵ ਨੂੰ ਸਮੂਹਵਾਚੀ ਨਾਂਵ ਕਹਿੰਦੇ ਹਨ। ਜਿਵੇਂ ਕਿ ਜਮਾਤ, ਕੰਪਨੀ, ਟੀਮ, ਵੱਗ, ਜੰਞ ਤੇ ਡਾਰ ਆਦਿ ਸਮੂਚਵਾਚੀ ਨਾਂਵ ਦੇ ਘੇਰੇ ਵਿੱਚ ਆਂਉਂਦੇ ਹਨ।

ਸਮੂਹਵਾਚੀ ਨਾਂਵ ਸਿਰਫ਼ ਗਿਣੀਆਂ ਜਾਣ ਵਾਲੀਆਂ ਵਸਤਾਂ ਦੇ ਸਮੂਹ ਲਈ ਵਰਤਿਆ ਜਾਂਦਾ ਹੈ। ਮਿਣੀਆਂ ਜਾਂ ਤੋਲੀਆਂ ਜਾਣ ਵਾਲੀਆਂ ਵਸਤਾਂ ਲਈ ਨਹੀਂ। ਸਮੂਹਵਾਚੀ ਨਾਂਵ ਜਿਹਨਾਂ ਸਮੂਹਾਂ ਨੂੰ ਦਰਸਾਉਂਦੇ ਹਨ ਉਹਨਾਂ ਨੂੰ ਵੀ ਗਿਣਿਆ ਜਾ ਸਕਦਾ ਹੈ ਜਿਵੇਂ ਦੋ ਜਮਾਤਾਂ, ਚਾਰ ਟੀਮਾਂ ਆਦਿ ਨੂੰ ਗਿਣ ਸਕਦੇ ਹਾਂ ਪਰ ਕਿਉਂਕ ਇਹ ਆਪ ਗਿਣੀਆਂ ਜਾਣ ਵਾਲੀਆਂ ਵਸਤਾਂ ਦੇ ਸਮੂਹ ਲਈ ਵਰਤੇ ਜਾਂਦੇ ਹਨ, ਇਸ ਲਈ ਸਮੂਹਵਾਚੀ ਹਨ। ਸਮੂਹਵਾਚੀ ਨਾਂਵ ਵੀ, ਬਾਕੀ ਨਾਂਵਾਂ ਵਾਂਗ, ਦੋਹਾਂ ਵਿੱਚੋਂ ਕਿਸੇ ਇੱਕ ਲਿੰਗ ਵਿੱਚ ਆਉਂਦੇ ਹਨ, ਅਰਥਾਤ ਉਹ ਪੁਲਿੰਗ ਜਾਂ ਇਸਤਰੀ ਲਿੰਗ ਹੁੰਦੇ ਹਨ ਪਰ ਲਿੰਗ ਦਾ ਅਧਾਰ ਕੋਈ ਕਾਰਨ ਨਾ ਹੋ ਕੇ, ਸਗੋਂ ਆਮ ਵਰਤੋਂ ਹੀ ਹੁੰਦਾ ਹੈ। ਉਦਾਹਰਣ ਦੇ ਤੌਰ ਤੇ 'ਲੋਕ' ਸਮੂਹਵਾਚੀ ਨਾਂ ਹੈ ਕਿਉਂਕਿ ਇਹ ਮਨੁੱਖ ਦੇ ਸਮੂਹ ਲਈ ਵਰਤਿਆ ਜਾਂਦਾ ਹੈ ਪਰ ਆਮ ਸਮੂਹਵਾਚੀ ਨਾਵਾਂ ਨਾਲੋਂ ਇਸਦਾ ਇੱਕ ਵਿਸ਼ੇਸ਼ ਫ਼ਰਕ ਹੈ-ਇਹ ਬਹੁ-ਵਚਨ ਲਈ ਵਰਤਿਆ ਜਾਂਦਾ ਹੈ, ਜਿਵੇਂ-ਮੈਚ ਵੇਖਣ ਲਈ ਲੋਕ ਦੂਰ-ਦੂਰ ਤੋਂ ਆਏ। ਜਦੋਂ ਇਹ ਇਕ ਵਚਨ ਵਿੱਚ ਵਰਤਿਆ ਜਾਏ ਉਦੋਂ ਸਮੂਹਵਾਚੀ ਨਹੀਂ ਰਹਿੰਦਾ, ਜਿਵੇਂ 'ਉਹ ਤਾਂ ਭਲਾ ਲੋਕ ਹੈ'।

ਪਦਾਰਥਬੋਧਕ ਨਾਂਵ : ਜੋ ਸ਼ਬਦ ਤੋਲੀਆਂ ਜਾਂ ਮਿਣੀਆਂ ਜਾਣ ਵਾਲੀਆਂ ਵਸਤਾਂ ਲਈ ਵਰਤਿਆ ਜਾਵੇ। ਇਸ ਤੋਂ ਇਲਾਵਾ ਜਿਹੜੀ ਕੋਈ ਵਸਤੂ ਸਥਾਨ ਘੇਰੇ, ਉਹ ਵੀ ਇਸ ਨਾਂਵ ਦੇ ਅੰਤਰਗਤ ਆਉਂਦੀ ਹੈ। ਜਿਵੇਂ ਕਿ ਦੁੱਧ, ਪਾਣੀ, ਤੇਲ, ਤੂੜੀ, ਖੰਡ, ਗੁੜ ਆਦਿ ਸਭ ਪਦਾਰਥਬੋਧਕ ਨਾਂਵ ਦੀਆਂ ਉਦਾਹਰਣਾ ਹਨ। ਅਸਲ ਵਿੱਚ ਇਹ ਨਾਂਵ ਜਾਤੀਬੋਧਕ ਨਾਵਾਂ ਦੀ ਹੀ ਇੱਕ ਸ਼੍ਰੇਣੀ ਹੈ।

ਜਦੋਂ ਕੋਈ ਸ਼ਬਦ ਪੂਰੀ ਫਸਲ ਜਾਂ ਉਸ ਦੇ ਢੇਰ ਲਈ ਵਰਤਿਆ ਜਾਵੇ ਤਾਂ ਵਸਤੂਵਾਚਕ ਨਾਂਵ ਮੰਨਿਆ ਜਾਂਦਾ ਹੈ। ਜਿਵੇਂ 'ਇਸ ਇਲਾਕੇ ਵਿੱਚ ਖਰਬੂਜਾ ਬਹੁਤ ਹੁੰਦਾ ਹੈ' ਜਾਂ ਕੱਦੂ ਦਾ ਢੇਰ ਲਗਿਆ ਪਿਆ ਹੈ' ਇਸ ਵਿੱਚ ਖਰਬੂਜਾ ਤੇ ਕੱਦੂ ਪਦਾਰਥਬੋਧਕ ਨਾਂਵ ਮੰਨੇ ਜਾਣਗੇ ਪਰ ਉਹ ਦੋ ਗੰਨੇ ਚੂਪ ਗਿਆ ਜਾਂ ਉਥੇ ਵੱਡੇ-ਵੱਡੇ ਕੱਦੂ ਪਏ ਸਨ ਆਦਿ ਵਿੱਚ ਇਹੋ ਨਾਂਵ ਜਾਤੀਬੋਧਕ ਹਨ।

ਭਾਵਵਾਚਕ ਨਾਂਵ : ਜਿਹੜੀਆਂ ਚੀਜ਼ਾ ਰੂਪ ਜਾਂ ਅਕਾਰ ਰਹਿਤ ਹੋਣ, ਹੱਥ ਨਾਲ ਛੂਹੀਆਂ ਨਾ ਜਾ ਸਕਣ, ਵੇਖੀਆਂ ਨਹੀਂ ਜਾ ਸਕਦੀਆਂ ਪਰ ਮਹਿਸੂਸ ਜਾਂ ਅਨੁਭਵ ਕੀਤੀਆਂ ਜਾ ਸਕਣ, ਉਹਨਾਂ ਦੇ ਨਾਵਾਂ ਨੂੰ ਭਾਵਵਾਚੀ ਨਾਂਵ ਕਿਹਾ ਜਾਂਦਾ ਹੈ। ਗਰਮੀ, ਸਰਦੀ, ਨੇਕੀ, ਬੁਰਾਈ, ਸੱਚ, ਝੂਠ, ਅਮੀਰ, ਗਰੀਬ, ਬਰਕਤ ਆਦਿ ਸਭ ਭਾਵਵਾਚੀ ਨਾਂਵ ਹਨ।

ਭਾਵ ਵਾਚਕ/ਭਾਵਵਾਚੀ ਨਾਂਵ ਵੀ ਪੁਲਿੰਗ ਜਾਂ ਇਸਤਰੀ ਲਿੰਗ ਹੁੰਦੇ ਹਨ ਤੇ ਲਿੰਗ ਦੀ ਵੰਡ ਕਿਸੇ ਨਿਸ਼ਚਿਤ ਸਿਧਾਂਤ ਅਨੁਸਾਰ ਨਹੀਂ ਕੀਤੀ ਗਈ। ਇਸੇ ਤਰ੍ਹਾਂ ਹੀ ਭਾਵਵਾਚੀ ਨਾਂਵਾਂ ਵਿਚ ਕਈਆਂ ਦਾ ਬਹੁ-ਵਚਨ ਬਣਦਾ ਹੈ, ਕਈਆਂ ਦਾ ਨਹੀਂ ਬਣਦਾ। ਇੱਥੋਂ ਤੱਕ ਕਿ ਕਈਆਂ ਦਾ ਬਹੁਵਚਨ ਬਣਨ ਨਾਲ ਅਰਥ ਕੁੱਝ ਬਦਲ ਜਾਂਦੇ ਹਨ।

ਪੜਨਾਂਵ

ਜਿਹੜਾ ਸ਼ਬਦ ਕਿਸੇ ਨਾਂਵ ਦੀ ਥਾਂ ਵਰਤਿਆ ਜਾਵੇ ਉਸ ਨੂੰ ਪੜਨਾਂਵ ਕਹਿੰਦੇ ਹਨ। ਕਿਸੇ ਵੀ ਗੱਲਬਾਤ ਵਿੱਚ ਆਪਣੇ ਬਾਰੇ ਜਾਂ ਦੂਸਰੇ ਬਾਰੇ ਵਾਰ-ਵਾਰ ਨਾਮ ਦੁਹਰਾਉਣ ਨਾਲ ਪ੍ਰਭਾਵਸ਼ਾਲੀ ਨਹੀਂ ਲੱਗਦਾ। ਇਸ ਲਈ ਨਾਂਵ ਦੀ ਥਾਂ ਤੇ ਪੜਨਾਂਵ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਲਈ ਮੈਂ, ਅਸੀਂ, ਤੂੰ, ਤੁਸੀਂ , ਉਹ ਪੜਨਾਂਵ ਹਨ।

ਉਦਾਹਰਣ ਦੇ ਤੌਰ ਤੇ 'ਰਮਨ' ਸਕੂਲ ਗਈ। ਰਮਨ ਨੇ ਅੱਜ ਕੁਇਜ਼ ਪ੍ਰਤਿਯੋਗਤਾ ਵਿੱਚ ਭਾਗ ਲਿਆ। ਰਮਨ ਇਸ ਵਿੱਚ ਪਹਿਲੇ ਸਥਾਨ ਤੇ ਆਈ'।

ਇਹਨਾਂ ਵਾਕਾਂ ਵਿੱਚ ਵਾਰ-ਵਾਰ ਰਮਨ ਨਾਂਵ ਦੀ ਥਾਂ ਪੜਨਾਂਵ ਦੀ ਵਰਤੋਂ ਕਰਨ ਨਾਲ ਵਾਕ ਵਧੇਰੇ ਅਰਥਪੂਰਣ ਲੱਗਦਾ ਹੈ। ਜਿਵੇਂ ਕਿ 'ਰਮਨ ਸਕੂਲ ਗਈ। ਉਸਨੇ ਅੱਜ ਕੁਇਜ਼ ਪ੍ਰਤਿਯੋਗਤਾ ਵਿੱਚ ਭਾਗ ਲਿਆ। ਉਹ ਇਸ ਵਿੱਚ ਪਹਿਲੇ ਸਥਾਨ ਤੇ ਆਈ।'

ਪੜਨਾਂਵ ਦੀਆਂ ਸ਼੍ਰੇਣੀਆਂ :

1. ਪੁਰਖਵਾਚਕ
2. ਨਿਸ਼ਚੇਵਾਚਕ
3. ਅਨਿਸ਼ਚੇਵਾਚਕ
4. ਸੰਬੰਧਵਾਚਕ
5. ਪ੍ਰਸ਼ਨਵਾਚਕ
6. ਨਿੱਜਵਾਚਕ।

ਪੁਰਖਵਾਚਕ ਪੜਨਾਂਵ : ਪੁਰਖਵਾਚਕ ਪੜਨਾਂਵ ਉਹ ਹਨ ਜੋ ਵਿਆਕਰਨ ਵਿੱਚ ਮੰਨੇ ਗਏ ਤਿੰਨਾਂ ਪੁਰਖਾਂ ਪਹਿਲਾ ਪੁਰਖ(ਉਤਮ ਪੁਰਖ), ਦੂਜਾ ਪੁਰਖ(ਮੱਧ ਪੁਰਖ) ਅਤੇ ਤੀਜਾ ਪੁਰਖ ਲਈ ਵਰਤੇ ਜਾਂਦੇ ਹਨ।

ਪਹਿਲਾ ਪੁਰਖ : ਕਿਸੇ ਵਾਕ ਵਿੱਚ ਗੱਲ ਕਰਨ ਵਾਲੇ ਵਿਅਕਤੀ ਨੂੰ ਪਹਿਲਾ ਪੁਰਖ ਜਾਂ ਉੱਤਮ ਪੁਰਖ ਆਖਦੇ ਹਨ ਜਿਵੇਂ ਕਿ ਮੈਂ, ਅਸੀਂ, ਸਾਨੂੰ(ਪਹਿਲੇ ਪੁਰਖ ਦਾ ਇੱਕ ਵਚਨ ਪੜ੍ਹਨਾਂਵ ਮੈਂ ਹੈ ਤੇ ਬਹੁਵਚਨ ਅਸੀਂ)

ਅਸੀਂ ਚ ਸੰਬੰਧਕੀ ਰੂਪ 'ਅਸਾਂ' ਹੈ। ਜਦੋਂ ਪਿੱਛੋ ਕੋਈ ਸੰਬੰਧਕ ਆਉਣਾ ਹੋਵੇ ਉਦੋਂ 'ਅਸੀਂ' ਦੀ ਬਜਾਏ ਅਸਾਂ ਵਰਤਿਆ ਜਾਦਾ ਹੈ। ਸੰਬੰਧਕਾਂ ਦਾ ਪੜਨਾਵਾਂ ਦੇ ਨਾਲ ਜੁੜਵੇਂ ਆਉਣ ਕਾਰਨ ਪੜਨਾਵਾਂ ਦੇ ਮੂਲ ਰੂਪ ਵਿੱਚ ਕੁਝ ਫਰਕ ਪੈ ਜਾਂਦਾ ਹੈ। 'ਅਸਾਂ ਨੂੰ' ਦਾ 'ਸਾਨੂੰ' ਅਤੇ 'ਅਸਾਂ ਤੋਂ' ਦਾ ਸਾਥੋਂ ਬਣ ਜਾਂਦਾ ਹੈ।

ਦੂਜਾ ਪੁਰਖ : ਜਿਸ ਤੋਂ ਉਹ ਪੁਰਖ ਪਰਗਟ ਹੁੰਦਾ ਹੈ ਜਿਸ ਨਾਲ ਗੱਲ ਕੀਤੀ ਜਾਵੇ ਜਿਵੇਂ : ਤੂੰ, ਤੁਸੀਂ, ਤੁਹਾਨੂੰ(ਦੂਜੇ ਪੁਰਖ 'ਚ ਇਕ ਵਚਨ ਦਾ ਪੜਨਾਂਵ ਤੂੰ ਹੈ ਅਤੇ ਬਹੁ-ਵਚਨ ਤੁਸੀਂ) 'ਤੁਸੀਂ' ਦਾ ਸੰਬੰਧਕੀ ਰੂਪ 'ਤੁਸਾਂ' ਹੈ। ਸੰਬੰਧਕ ਲੱਗਣ ਨਾਲ 'ਤੁਹਾਨੂੰ' , 'ਤੁਹਾਡਾ' ਤੇ 'ਤੁਹਾਥੋਂ' ਹੋ ਜਾਂਦਾ ਹੈ।

ਤੀਜਾ ਪੁਰਖ : ਵਾਕ ਵਿੱਚ ਸੰਬੋਧਿਤ ਵਸਤੂ ਪ੍ਰਾਣੀ ਭਾਵ ਜਿਸ ਬਾਰੇ ਗੱਲ ਕੀਤੀ ਜਾਵੇ ਉਸਨੂੰ ਤੀਜਾ ਪੁਰਖ ਆਖਦੇ ਹਨ। ਜਿਵੇਂ ਇਹ, ਉਹ, ਉਹਨਾਂ, ਇਹਨਾਂ।

ਤੀਜੇ ਪੁਰਖ ਦੇ ਪੰਜਾਬੀ ਪੜਨਾਂਵ 'ਉਹ ਤੇ ਇਹ' ਹਨ। ਇੱਕ-ਵਚਨ ਤੇ ਬਹੁ-ਵਚਨ ਦੁਹਾਂ ਲਈ 'ਉਹ' ਤੇ 'ਇਹ' ਹੀ ਵਰਤੇ ਜਾਂਦੇ ਹਨ।

ਨਿਸ਼ਚੇਵਾਚਕ ਪੜ੍ਹਨਾਂਵ : ਨਿਸ਼ਚੇਵਾਚਕ ਪੜਨਾਂਵ ਦੀ ਸਪੱਸ਼ਟ ਸਥਿਤੀ ਨੂੰ ਗੰਭੀਰਤਾ ਨਾਲ ਸਮਝਣਾ ਜ਼ਰੂਰੀ ਹੈ। 'ਇਹ' ਅਤੇ 'ਉਹ' ਜਦੋਂ ਕਿਸੇ ਪਹਿਲਾ ਆਏ ਨਾਂਵ ਦੀ ਥਾਂ ਵਰਤੇ ਜਾਣ ਉਦੋਂ ਇਹ ਪੁਰਖਵਾਚੀ ਪੜਨਾਂਵ ਹੁੰਦੇ ਹਨ ਪਰ ਜਦੋਂ ਇਹ ਪੜਨਾਂਵ ਕਿਸੇ ਦਿਸਦੀ ਚੀਜ਼ ਭਾਵ ਵਸਤੂ ਜਾਂ ਵਿਅਕਤੀ ਵੱਲ ਸੰਕੇਤ ਕਰਕੇ ਬੋਲੇ ਜਾਣ, ਇਹ ਨਿਸ਼ਚੇਵਾਚਕ ਪੜਨਾਂਵ ਹੁੰਦੇ ਹਨ। ਇਹ ਪੁਸਤਕ ਮੇਰੀ ਹੈ, ਤੁਹਾਡੀ ਉਹ ਸੀ ਜੋ ਅਨਮੋਲ ਲੈ ਗਈ।

ਪੰਜਾਬੀ ਬੋਲਚਾਲ ਵਿੱਚ ਨਿਸ਼ਚੇਵਾਚਕ ਪੜਨਾਂਵ ਪੰਜ ਹਨ : ਤਿੰਨ ਨੇੜੇ ਦੀਆਂ ਵਸਤਾਂ ਲਈ ਤੇ ਦੋ ਦੂਰ ਦੀਆਂ ਚੀਜ਼ਾਂ ਲਈ

1. ਨੇੜੇ ਦੀਆਂ ਵਸਤਾਂ ਲਈ :

'ਆਹ' = ਜਿਹੜੀ ਵਸਤ ਬੋਲਣ ਵਾਲੇ (ਪਹਿਲੇ ਪੁਰਖ) ਦੇ ਨੇੜੇ ਪਰ ਸੁਣਨ ਵਾਲੇ (ਦੂਜੇ ਪੁਰਖ) ਤੋਂ ਕੁਝ ਦੂਰ ਹੋਵੇ।
'ਰਾਹ' = ਜਿਹੜੀ ਸੁਣਨ ਵਾਲੇ ਦੇ ਨੇੜੇ ਤੇ ਬੋਲਣ ਵਾਲੇ ਤੋਂ ਕੁਝ ਹਟਵੀਂ ਹੋਵੇ।
'ਇਹ' = ਜਿਹੜੀ ਦੋਹਾਂ ਦੇ ਨੇੜੇ ਹੋਵੇ।
2. ਦੂਰ ਦੀਆਂ ਵਸਤਾਂ ਲਈ :
'ਔਹ' = ਜਿਹੜੀ ਅੱਖੋਂ ਤੋਂ ਦੁਰਾਡੀ ਹੋਵੇ, ਪਰ ਅੱਖਾਂ ਸਾਹਵੇਂ ਹੋਵੇ।
'ਉਹ' = ਜਿਹੜੀ ਅੱਖੋਂ ਓਹਲੇ ਦੂਰ ਹੋਵੇ, ਜਾਂ ਬੀਤੇ ਸਮੇਂ ਦੀ ਅਥਵਾ ਆਉਣ ਵਾਲੇ ਸਮੇਂ ਦੀ ਹੋਵੇ।

ਅਨਿਸ਼ਚੇਵਾਚਕ ਪੜਨਾਂਵ : ਇਸ ਪੜਨਾਂਵ ਤੋਂ ਕਿਸੇ ਵਿਸ਼ੇਸ਼ ਵਿਅਕਤੀ ਜਾਂ ਵਸਤੂ ਬਾਰੇ ਸਹੀ ਜਾਣਕਾਰੀ ਨਹੀਂ ਮਿਲਦੀ ਸਗੋਂ ਅਨੁਮਾਨ ਹੀ ਲੱਗਦਾ ਹੋਵੇ ਭਾਵ ਅਣਮਿਥਵਾਂ ਤੇ ਅਸਪੱਸ਼ਟ ਜਿਹਾ ਸੰਕੇਤ।ਪੰਜਾਬੀ ਭਾਸ਼ਾ ਵਿੱਚ ਕਈ ਅਨਿਸ਼ਚਿਤ ਪੜਨਾਂਵ ਵਰਤੇ ਜਾ ਰਹੇ ਹਨ, 'ਕੋਈ , ਕੁਝ, ਕਈ, ਸਭ, ਸਾਰੇ, ਵਿਰਲਾ, ਅਨੇਕ, ਬਹੁਤੇ, ਥੋੜ੍ਹੇ ਆਦਿ। ਜਿਵੇਂ :

ਕੋਈ ਨਾ ਕੋਈ ਗੱਲ ਤਾਂ ਜ਼ਰੂਰ ਹੋਈ ਹੋਵੇਗੀ। (ਕੋਈ)
ਕੁਝ ਤਾਂ ਖਾ ਪੀ ਲੈ। (ਕੁਝ)
ਇਸ ਦੁਨੀਆਂ ਵਿੱਚ ਕਈ ਆਏ ਤੇ ਕਈ ਗਏ। (ਕਈ)
ਕੀ ਪਿੰਡ ਦੇ ਸਾਰੇ ਲੋਕ ਮੇਲਾ ਵੇਖ ਚਲੇ ਗਏ। (ਸਾਰੇ)

ਸੰਬੰਧਵਾਚਕ ਪੜਨਾਂਵ :

ਸੰਬੰਧਵਾਚਕ ਪੜ੍ਹਨਾਂਵ ਉਸ ਨੂੰ ਕਿਹਾ ਜਾਂਦਾ ਹੈ ਜਿਹੜਾ ਦੋਹਾਂ ਉਪਵਾਕਾਂ ਦਾ ਆਪਸ ਵਿੱਚ ਸੰਬੰਧ ਸਥਾਪਿਤ ਕਰਦਾ ਹੈ। 'ਜਿਹੜਾ', 'ਤੇ', 'ਜੋ' ਸੰਬੰਧਵਾਚਕ ਪੜਨਾਂਵ ਦੀ ਸ਼੍ਰੇਣੀ ਵਿੱਚ ਆਉਂਦੇ ਹਨ। 'ਜਿਹੜਾ' ਦੇ ਹੋਰ ਰੂਪ-'ਜਿਹੜੇ', 'ਜਿਹੜੀ', 'ਜਿਹੜੀਆਂ' ਵੀ ਸੰਬੰਧਵਾਚਕ ਪੜਨਾਂਵ ਵਜੋਂ ਵਰਤੇ ਜਾਂਦੇ ਹਨ।

ਜਿਹੜੇ ਮਿਹਨਤ ਨਹੀਂ ਕਰਨਗੇ, ਉਹ ਫੇਲ੍ਹ ਹੋ ਜਾਣਗੇ।
ਜੋ ਕਰੇਗਾ, ਉਹ ਭਰੇਗਾ।
ਇਸੇ ਤਰ੍ਹਾਂ ਹੀ ਜੀਹਦੇ ਘਰ ਦਾਣੇ, ਉਹਦੇ ਕਮਲੇ ਵੀ ਸਿਆਣੇ।

ਪ੍ਰਸ਼ਨਵਾਚਕ ਪੜਨਾਂਵ : ਪ੍ਰਸ਼ਨਵਾਚਕ ਪੜਨਾਂਵ ਉਹ ਹੁੰਦਾ ਹੈ ਜੋ ਕੋਈ ਪ੍ਰਸ਼ਨ ਪੁੱਛਣ ਵੇਲੇ ਕਿਸੇ ਨਾਉਂ ਦੀ ਜਗ੍ਹਾ ਵਰਤਿਆ ਜਾਵੇ ਜਿਵੇਂ ਕੌਣ, ਕੀ ਕਿਹੜਾ।ਜਿਵੇਂ :

ਕੌਣ ਹੱਸ ਰਿਹਾ ਹੈ?
ਕੀ ਖਾ ਰਹੇ ਹੋ?
ਕਿਹੜਾ ਵਿਦਿਆਰਥੀ ਕੱਲ ਗੈਰ ਹਾਜ਼ਰ ਸੀ?

ਸੰਬੰਧਕੀ ਰੂਪ ਬਹੁ-ਵਚਨ ਲਈ 'ਕਿਸ' ਤੇ 'ਕਿਨ੍ਹਾਂ' ਨੂੰ ਦੁਹਰਾ ਕੇ ਵੀ ਬੋਲਿਆ ਜਾਂਦਾ ਹੈ। ਜਿਵੇਂ ਕਿ -

ਕਿਸ-ਕਿਸ ਨੇ ਨਾਟਕ ਵੇਖਿਆ?
ਕਿਨ੍ਹਾਂ-ਕਿਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਅਧਾਰ ਤੇ ਵਜ਼ੀਫਾ ਮਿਲਿਆ?

ਨਿੱਜਵਾਚਕ ਪੜਨਾਂਵ : ਨਿੱਜਵਾਚਕ ਪੜਨਾਂਵ ਉਹ ਹਨ, ਜੋ ਨਾਂਵ ਜਾਂ ਪੜਨਾਂਵ ਦੇ ਨਾਲ, ਆ ਕੇ ਉਸੇ ਨਾਂਵ ਜਾਂ ਪੜਨਾਂਵ ਦੀ ਨਿੱਜਤਾ ਪ੍ਰਗਟ ਕਰੇ। ਪੰਜਾਬੀ ਵਿੱਚ ਨਿੱਜਵਾਚੀ ਪੜਨਾਂਵ 'ਆਪ' ਹੈ ਪਰ ਇਸ ਤੋਂ ਬਣੇ ਹੋਰ ਰੂਪ 'ਆਪਣੇ-ਆਪ', 'ਆਪੇ' ਤੇ 'ਆਪਸ' ਵੀ ਨਿੱਜਵਾਚੀ ਪੜਨਾਂਵ ਵਜੋਂ ਵਰਤੇ ਜਾਂਦੇ ਹਨ। ਫਾਰਸੀ ਦਾ ਸ਼ਬਦ 'ਖੁਦ' ਵੀ ਨਿੱਜਵਾਚੀ ਪੜਨਾਂਵ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ।

ਮੈਂ ਆਪ ਤੁਹਾਨੂੰ ਕਾਲ ਕਰਾਂਗਾ।
ਉਹਨਾਂ ਦਾ ਆਪਸ ਵਿੱਚ ਸਮਝੌਤਾ ਹੋ ਗਿਆ।
ਤੁਸੀਂ ਆਪਣਾ ਹਾਲ ਦੱਸੋ?

ਕਿਰਿਆ

ਕਿਰਿਆ ਉਹ ਸ਼ਬਦ ਹੁੰਦਾ ਹੈ, ਜਿਸ ਤੋਂ ਕਿਸੇ ਕੰਮ ਦਾ ਕਾਲ ਸਹਿਤ ਕਰਨਾ, ਵਾਪਰਨਾ ਜਾਂ ਬਨਣ ਆਦਿ ਦਾ ਗਿਆਨ ਹੋਵੇ। 'ਕੁੜੀ ਕਿਤਾਬ ਪੜ੍ਹਦੀ ਹੈ' ਵਾਕ ਵਿੱਚ 'ਪੜ੍ਹਦੀ ਹੈ' ਤੋਂ ਕੰਮ ਦੇ ਹੋਣ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਕਿਰਿਆ ਕਰਨ ਵਾਲੇ ਨੂੰ 'ਕਰਤਾ' ਕਿਹਾ ਜਾਂਦਾ ਹੈ ਅਤੇ ਜਿਸ ਉਤੇ ਕਿਰਿਆ ਦਾ ਪ੍ਰਭਾਵ ਪਏ, ਅਥਵਾ ਜਿਸ ਉੱਤੇ ਕਿਰਿਆ ਵਾਪਰੇ ਉਸਨੂੰ ਕਰਮ ਆਖਦੇ ਹਨ। ਉਪਰਲੇ ਵਾਕ ਵਿੱਚ 'ਕੁੜੀ' ਕਰਤਾ ਹੈ, 'ਕਿਤਾਬ' ਕਰਮ : ਕਿਉਂਕਿ ਕੁੜੀ ਕਿਰਿਆ ਕਰਨ ਵਾਲੀ ਹੈ ਅਤੇ ਕਿਤਾਬ ਉਤੇ ਕਿਰਿਆ ਵਾਪਰਦੀ ਹੈ।

ਕਿਰਿਆ ਦੇ ਪੱਖ :

1. ਸਕਰਮਕ ਕਿਰਿਆ ਤੇ ਅਕਰਮਕ ਕਿਰਿਆ : ਜਿਸ ਕਿਰਿਆ ਦੇ ਕਾਲ ਕਰਮ ਦਾ ਆਉਣਾ ਜ਼ਰੂਰੀ ਹੋਵੇ, ਉਸਨੂੰ ਸਕਰਮਕ ਕਿਰਿਆ ਕਹਿੰਦੇ ਹਨ ਅਤੇ ਜਿਹੜੀ ਕਿਰਿਆ ਨੂੰ ਕਰਮ ਦੀ ਜ਼ਰੂਰਤ ਨਾ ਪਏ, ਉਹ ਅਕਰਮਕ ਕਿਰਿਆ ਹੈ। 'ਸਵਰੀਨ ਨੱਚ ਰਹੀ ਹੈ' ਵਾਕ ਵਿੱਚ 'ਸਵਰੀਨ' ਕਰਤਾ ਹੈ ਅਤੇ 'ਨੱਚ ਰਹੀ ਹੈ' ਕਿਰਿਆ। ਇਸ ਵਾਕ ਵਿੱਚ ਕਰਮ ਨਹੀਂ ਆਇਆ ਅਤੇ ਵਾਕ ਕਰਮ ਤੋਂ ਬਿਨਾਂ ਹੀ ਪੂਰਾ ਹੈ।

ਮੂਲ ਕਿਰਿਆ(ਮੁੱਖ ਕਿਰਿਆ) ਤੇ ਸਹਾਇਕ ਕਿਰਿਆ : 'ਮੈਂ ਕੰਮ ਕਰ ਰਿਹਾ ਹਾਂ','ਬੱਚਾ ਸੁੱਤਾ ਪਿਆ ਸੀ' ਵਾਕਾਂ ਵਿੱਚ ਆਏ ਕਿਰਿਆ-ਰੂਪਾਂ ਨੂੰ ਵੇਖਿਆ ਜਾਏ ਇਹਨਾਂ ਵਿੱਚੋਂ ਹਰ ਕਿਰਿਆ-ਰੂਪ ਦੇ ਇੱਕ ਤੋਂ ਵਧੇਰੇ ਅੰਸ਼ ਹਨ। 'ਕਰ ਰਿਹਾ ਹਾਂ', 'ਸੁੱਤਾ ਪਿਆ ਸੀ' ਵਾਕ ਵਿੱਚ ਆਇਆ ਪਹਿਲਾ-ਪਹਿਲਾ ਅੰਸ਼ (ਜੋ ਅਸਲ ਕਿਰਿਆ ਨੂੰ ਪ੍ਰਗਟਾਉਂਦਾ ਹੈ) ਮੂਲ ਕਿਰਿਆ, ਜਾਂ ਮੁੱਖ ਕਿਰਿਆ ਹੈ। ਬਾਕੀ ਸਾਰੇ ਹਿੱਸੇ ਨੂੰ ਸਹਾਇਕ ਕਿਰਿਆ ਕਿਹਾ ਜਾਂਦਾ ਹੈ, ਭਾਵੇਂ ਇਸ ਵਿੱਚ ਕੋਈ ਇਕੋ ਹੀ ਅੰਸ਼ ਹੋਵੇ ਜਾਂ ਇੱਕ ਤੋਂ ਵਧੇਰੇ ਹੋਣ। ਹੋ, ਸਨ, ਰਿਹਾ ਹੈ, 'ਪਿਆ ਸੀ' ਸਹਾਇਕ ਕਿਰਿਆਵਾਂ ਹਨ। ਹਾਂ,ਸਨ, ਹਾਂ, ਜੋ ਇਹਨਾਂ ਕਿਰਿਆਵਾਂ ਦੇ ਅੰਤਿਮ ਅੰਸ਼ ਹਨ, ਇਹਨਾਂ ਨੂੰ ਕਾਲਬੋਧਕ ਅੰਸ਼ ਜਾਂ ਕਾਲਬੋਧਕ ਕਿਰਿਆ ਆਖਾਂਗੇ ਕਿਉਕਿ ਕਿਰਿਆ ਦੇ ਕਾਲ ਦੀ ਜਾਣਕਾਰੀ ਇਸ ਅਖੀਰੀ ਅੰਸ਼ ਤ ਹੀ ਹੁੰਦੀ ਹੈ।

ਕਿਰਿਆ ਦਾ ਕਰਤਰੀ ਰੂਪ ਤੇ ਕਰਮਣੀ ਰੂਪ : ਕਈ ਵਾਕਾਂ ਵਿੱਚ ਸਕਰਮਕ ਕਿਰਿਆਵਾਂ ਦੀ ਅਜਿਹੀ ਵਰਤੋਂ ਹੁੰਦੀ ਹੈ ਜਿਸ ਵਿੱਚ ਕਰਤਾ ਦੀ ਲੋੜ ਨਹੀਂ ਪੈਂਦੀ, ਸਿਰਫ਼ ਕਰਮ ਹੀ ਕਿਰਿਆ ਦੇ ਨਾਲ ਆਉਂਦਾ ਹੈ, ਕਿਰਿਆ ਦੇ ਅਜਿਹੇ ਰੂਪ ਨੂੰ ਕਰਮਣੀ ਰੂਪ ਕਿਹਾ ਜਾਂਦਾ ਹੈ, ਇਸ ਦੇ ਉਲਟ ਜਿਸ ਰੂਪ ਵਿੱਚ 'ਕਰਤਾ' ਦੀ ਜ਼ਰੂਰਤ ਹੋਵੇ ਉਸ ਨੂੰ ਕਰਤਰੀ ਰੂਪ ਕਹਿੰਦੇ ਹਨ।

ਕਰਤਰੀ ਰੂਪ	ਕਰਮਣੀ ਰੂਪ
ਭੰਨਣਾ	ਭੱਜਣਾ
ਗੁੰਨਣਾ	ਗੁੱਝਣਾ

'ਫਤਿਹ ਰੋਟੀ ਖਾ ਰਿਹਾ ਹੈ' ਵਾਕ ਵਿੱਚ 'ਫਤਿਹ' ਕਰਤਾ ਹੈ ਤੇ 'ਰੋਟੀ' ਕਰਮ। 'ਖਾਣਾ' ਇੱਕ ਅਜਿਹੀ ਕਿਰਿਆ ਹੈ ਜਿਸ ਨਾਲ ਕਰਮ ਦਾ ਆਉਣਾ ਜ਼ਰੂਰੀ ਹੈ। ਇਹ 'ਖਾਣਾ' ਸਕਰਮਕ ਕਿਰਿਆ ਹੈ ਜਿਸ ਨਾਲ ਕਰਮ ਦਾ ਆਉਣਾ ਜ਼ਰੂਰੀ ਹੈ।

2. ਸੰਜੁਗਤ ਕਿਰਿਆ : ਕਈ ਕਿਰਿਆ ਰੂਪ ਇੱਕ ਤੋਂ ਵਧੇਰੇ ਕਿਰਿਆਵਾਂ ਦੇ ਸੰਜੋਗ ਨਾਲ ਬਣਦੇ ਹਨ। ਲੈਂਪ ਮੇਜ਼ ਉੱਤੇ ਰੱਖ ਦੇ ਅਤੇ ਉਹ ਅੱਧੀ-ਰਾਤ ਤੱਕ ਪੜ੍ਹਦਾ ਰਹਿੰਦਾ ਹੈ। ਵਾਕ ਵਿੱਚ ਆਏ ਕਿਰਿਆ-ਰੂਪ 'ਰੱਖ ਦੇ' ਅਤੇ 'ਪੜ੍ਹਦਾ ਰਹਿੰਦਾ ਹੈ' ਵਿੱਚ ਦੋ-ਦੋ ਕਿਰਿਆਵਾਂ ਆਈਆਂ ਹਨ 'ਰੱਖ' ਤੇ 'ਦੇ' ਨੂੰ ਮਿਲਾ ਕੇ ਇਕ ਕਿਰਿਆ ਰੂਪ ਬਣਿਆ ਹੈ। ਇਵੇਂ ਹੀ 'ਪੜ੍ਹਦਾ' ਤੇ 'ਰਹਿੰਦਾ' ਵੀ ਵੱਖ-ਵੱਖ ਕਿਰਿਆਵਾਂ ਹਨ, ਜਿਹਨਾਂ ਦੇ ਸੰਜੋਗ ਨਾਲ ਇਕ ਕਿਰਿਆ-ਰੂਪ ਮੁਕੰਮਲ ਹੋਇਆ ਹੈ।

ਪੰਜਾਬੀ ਵਿੱਚ ਸੰਜੁਗਤ ਕਿਰਿਆਵਾਂ ਦੀ ਵਰਤੋਂ ਹੁੰਦੀ ਹੈ। ਵਧੇਰੇ ਸੰਜੁਗਤ ਰੂਪ ਦੋ-ਦੋ ਕਿਰਿਆਵਾਂ ਨਾਲ ਬਣਦੇ ਹਨ। ਪਰ ਕੁਝ ਕਿਰਿਆ ਰੂਪਾਂ ਵਿੱਚ ਤਿੰਨਾਂ-ਤਿੰਨਾਂ ਕਿਰਿਆਵਾਂ ਦਾ ਸੰਜੋਗ ਵੀ ਹੁੰਦਾ ਹੈ।

ਪ੍ਰੇਰਨਾਰਥਕ ਕਿਰਿਆ : ਜਿਹੜੀ ਕਿਰਿਆ ਤੋਂ ਕਿਸੇ ਦੂਜੇ ਕੋਲੋਂ ਕੰਮ ਕਰਾਉਣ ਦਾ ਬੋਧ ਹੋਵੇ ਉਸਨੂੰ ਪ੍ਰੇਰਨਾਰਥਕ ਕਿਰਿਆ ਕਹਿੰਦੇ ਹਨ। 'ਕਰਨਾ' ਤੇ 'ਰੱਖਣਾ' ਸਕਰਮਕ ਕਿਰਿਆ ਹੈ ਅਤੇ 'ਕਰਾਉਣਾ' ਤੇ 'ਰਖਾਉਣਾ' ਪ੍ਰੇਰਨਾਰਥਕ ਕਿਰਿਆ ਹੈ। ਇਸ ਕਿਰਿਆ ਦੇ ਤਹਿਤ ਖੁਦ ਕੁਝ ਕਰਨ ਦੀ ਬਜਾਇ ਕਿਸੇ ਹੋਰ ਤੋਂ ਕੰਮ ਕਰਾਇਆ ਜਾਂਦਾ ਹੈ। ਕਈਆਂ ਕਿਰਿਆਵਾਂ ਤੋਂ ਦੋ-ਦੋ ਪ੍ਰੇਰਨਾਰਥਕ ਰੂਪ ਬਣਦੇ ਹਨ : 'ਕਰਨਾ' ਤੋਂ 'ਕਰਾਉਣਾ' ਤੇ 'ਕਰਵਾਉਣਾ'। 'ਰੱਖਣਾ' ਤੋਂ 'ਰਖਾਉਣਾ' ਤੇ 'ਰਖਵਾਉਣਾ'। ਅਜਿਹੀ ਸਥਿਤੀ ਵਿੱਚ ਪਹਿਲੇ ਰੂਪ ਨੂੰ ਪ੍ਰੇਰਨਾਰਥਕ ਕਿਹਾ ਜਾਂਦਾ ਹੈ ਅਤੇ ਦੂਜੇ ਨੂੰ ਦੋਹਰਾ ਪ੍ਰੇਰਨਾਰਥਕ ਰੂਪ।

ਵਿਸ਼ੇਸ਼ਣ

ਜਿਹੜਾ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਦੀ ਵਿਸ਼ੇਸ਼ਤਾ ਦੱਸੇ ਉਸ ਨੂੰ ਵਿਸ਼ੇਸ਼ਣ ਕਹਿੰਦੇ ਹਨ। ਗੁਣ-ਔਗੁਣ, ਗਿਣਤੀ-ਮਿਣਤੀ ਦਸ ਕੇ ਆਮ ਤੋਂ ਖਾਸ ਬਣਾਉਣ ਵਾਲੇ ਸ਼ਬਦਾਂ ਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ। ਸੋਹਣੀ ਕੁੜੀ, ਹਰੀ ਪੱਗ, ਕਾਲਾ ਕੁੱਤਾ, ਕੁਝ ਬਰਫ਼ੀ ਵਿੱਚ ਸੋਹਣੀ, ਹਰੀ, ਕਾਲਾ, ਕੁਝ ਵਿਸ਼ੇਸ਼ਣ ਹਨ।

ਵਿਸ਼ੇਸ਼ਣਾਂ ਦੀ ਵਿਸ਼ੇਸ਼ਤਾ ਪ੍ਰਗਟਾਉਣ ਵਾਲੇ ਸ਼ਬਦ ਦੀ ਵਿਸ਼ੇਸ਼ਣ ਹੁੰਦੇ ਹਨ। ਗੂੜ੍ਹਾ ਹਰ ਕੱਪੜਾ, ਬੜਾ ਸੋਹਣਾ ਫੁੱਲ ਆਦਿ ਵਿੱਚ ਆਏ ਸ਼ਬਦ ਜਿਵੇਂ ਗੂੜ੍ਹਾ ਤੇ ਬੜਾ ਸ਼ਬਦ 'ਹਰਾ' ਤੇ 'ਸੋਹਣਾ' ਸ਼ਬਦਾਂ ਦੀ ਵਿਸ਼ੇਸ਼ਤਾ ਪ੍ਰਗਟਾਉਂਦੇ ਹਨ।

ਵਿਸ਼ੇਸ਼ਣ ਦੀਆਂ ਪੰਜ ਮੁੱਖ ਸ਼੍ਰੇਣੀਆਂ ਮੰਨੀਆਂ ਗਈਆਂ ਹਨ:

1. ਗੁਣਵਾਚਕ ਵਿਸ਼ੇਸ਼ਣ
2. ਸੰਖਿਅਕ ਵਿਸ਼ੇਸ਼ਣ
3. ਪਰਿਮਾਣਬੋਧਕ ਵਿਸ਼ੇਸ਼ਣ
4. ਨਿਸ਼ਚੇਵਾਚਕ ਵਿਸ਼ੇਸ਼ਣ
5. ਪੜਨਾਵੀਂ ਵਿਸ਼ੇਸ਼ਣ

1. ਗੁਣਵਾਚਕ ਵਿਸ਼ੇਸ਼ਣ : ਜਿਸ ਵਿਸ਼ੇਸ਼ਣ ਤੋਂ ਕਿਸੇ ਵਿਅਕਤੀ ਜਾਂ ਵਸਤ ਦੇ ਗੁਣ, ਦੋਸ਼, ਵਿਸ਼ੇਸ਼ਤਾ, ਲੱਛਣ ਆਦਿ ਦਾ ਬੋਧ ਹੋਵੇ, ਉਸਨੂੰ ਗੁਣਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ। ਜਿਵੇਂ ਕਿ ਫਿੱਕੀ ਚਾਹ, ਠੰਢਾ ਦੁੱਧ, ਕੋਰਾ ਕਾਗਜ਼ ਆਦਿ। ਫਿੱਕੀ, ਠੰਢਾ, ਕੋਰਾ ਗੁਣਵਾਚਕ ਵਿਸ਼ੇਸ਼ਣ ਹਨ। ਗੁਣਵਾਚਕ ਵਿਸ਼ੇਸ਼ਣ ਦੀ ਵਿਸ਼ੇਸ਼ਤਾ ਹੇਠ ਲਿਖੇ ਅਨੁਸਾਰ ਹੈ :

1. ਗੁਣ ਜਾਂ ਔਗੁਣ : ਚੰਗਾ, ਭੈੜਾ, ਨੇਕ, ਬੁਰਾ
2. ਅਕਾਰ ਜਾ ਵਿਸਥਾਰ : ਲੰਮਾ, ਮਧਰਾਂ, ਉੱਚਾ, ਨੀਵਾ, ਖੁਲ੍ਹਾ, ਮੋਟਾ, ਪਤਲਾ ਆਦਿ।
3. ਦਸ਼ਾ : ਬੁੱਢਾ, ਰੋਗੀ, ਤੰਦਰੁਸਤ, ਨਰਮ, ਗੂੜਾ।
4. ਰੰਗ : ਚਿੱਟਾ, ਕਾਲਾ, ਨੀਲਾ, ਪੀਲਾ।
5. ਸਥਾਨ : ਪੇਂਡੂ, ਸ਼ਹਿਰੀ, ਜੰਗਲੀ, ਪਹਾੜ.।

ਸੰਖਿਅਕ ਵਿਸ਼ੇਸ਼ਣ : ਜਿਹਨਾਂ ਵਿਸ਼ੇਸ਼ਣਾ ਤੋਂ ਨਾਵਾਂ ਦੀ ਗਿਣਤੀ ਦਾ ਗਿਆਨ ਹੋਵੇ, ਉਹਨਾਂ ਨੂੰ ਸੰਖਿਅਕ ਵਿਸ਼ੇਸ਼ਣ ਕਿਹਾ ਜਾਂਦਾ ਹੈ।

1. ਸਾਧਾਰਣ ਗਿਣਤੀਬੋਧਕ : ਦਸ ਕੁੜੀਆਂ, ਚਾਰ ਕੁਰਸੀਆਂ, ਇੱਕ ਮੇਜ਼ ਵਿੱਚ ਦਸ, ਚਾਰ, ਇੱਕ ਪਿੱਛੋਂ ਆਏ ਨਾਂਵ ਦੀ ਗਿਣਤੀ ਦੱਸਦੇ ਹਨ।

2. ਕ੍ਰਮਬੋਧਕ ਸੰਖਿਅਕ ਵਿਸ਼ੇਸ਼ਣ : ਨਾਵਾਂ ਦਾ ਕ੍ਰਮ ਜਾਂ ਤਰਤੀਬ ਦਰਸਾਉਣ ਵਾਲੇ ਸੰਖਿਅਕ ਵਿਸ਼ੇਸ਼ਣਾਂ ਨੂੰ ਕ੍ਰਮਬੋਧਕ ਸੰਖਿਅਕ ਵਿਸ਼ੇਸ਼ਣ ਕਿਹਾ ਜਾਂਦਾ ਹੈ ਜਿਵੇਂ ਪਹਿਲੀ ਕੁੜੀ, ਚੌਥਾ ਨੰਬਰ।

3. ਗੁਣਬੋਧਕ ਸੰਖਿਅਕ ਵਿਸ਼ੇਸ਼ਣ : ਇਹ ਉਹ ਹਨ ਜਿਹਨਾਂ ਤੋਂ ਕਿਸੇ ਇੱਕ ਗਿਣਤੀ ਦੇ ਗੁਣਾਂ ਕਰਕੇ ਸੰਬੰਧ ਦਰਸਾਇਆ ਜਾਵੇ ਜਿਵੇਂ ਦੂਣਾ, ਪੰਜਗੁਣਾ, ਵੀਹਗੁਣਾ ਆਦਿ।

4. ਨਿਖੇੜੂ ਸੰਖਿਅਕ ਵਿਸ਼ੇਸ਼ਣ : ਜਦੋਂ ਕਿਸੇ ਗਿਣਤੀ ਨੂੰ ਦੁਹਰਾ ਕੇ ਬੋਲਿਆ ਜਾਂਦਾ ਹੈ ਜਿਵੇਂ ਦੋ-ਦੋ, ਪੰਜ-ਪੰਜ, ਵੀਹ-ਵੀਹ।

5. ਅਨਿਸ਼ਚਿਤ ਸੰਖਿਅਕ ਵਿਸ਼ੇਸ਼ਣ : ਜਦੋਂ ਗਿਣਤੀ ਬਾਰੇ ਕੋਈ ਅਨੁਮਾਨ ਦਿੱਤਾ ਜਾਵੇ ਜਿਵੇਂ ਕੁਝ ਕਿਤਾਬਾਂ, ਕਈ ਲੋਕ ਆਦਿ।

3. ਪਰਿਮਾਣਬੋਧਕ ਵਿਸ਼ੇਸ਼ਣ : ਜਿਵੇਂ ਵਿਸ਼ੇਸ਼ਣ ਤੋਲੀਆਂ, ਨਾਪੀਆਂ ਜਾਂ ਮਿਣੀਆਂ ਜਾਣ ਵਾਲੀਆਂ ਵਸਤਾਂ ਚ ਨਾਪ ਦਸਣ, ਉਹਨਾਂ ਨੂੰ ਪਰਿਮਾਣਬੋਧਕ ਵਿਸ਼ੇਸ਼ਣ ਕਿਹਾ ਜਾਂਦਾ ਹੈ। ਇਸਦੇ ਵੀ ਅੱਗੇ ਦੋ ਹਿੱਸੇ ਹਨ :

1. ਨਿਸ਼ਚਤ ਪਰਿਮਾਣ ਬੋਧਕ : ਦੋ ਕਿਲੋਗ੍ਰਾਮ ਚੌਲ, ਚਾਰ ਡੱਬੇ ਪਾਣੀ।

2. ਅਨਿਸ਼ਚਤ ਪਰਿਮਾਣ ਬੋਧਕ ਵਿਸ਼ੇਸ਼ਣ : ਜਦੋਂ ਪਰਿਮਾਣ ਦਾ ਸਿਰਫ਼ ਅਨੁਮਾਨ ਦਿੱਤਾ ਜਾਵੇ ਜਿਵੇਂ ਕੁਝ ਕੁ ਚੌਲ, ਕਾਫੀ ਕੱਪੜਾ।

4. ਨਿਸ਼ਚੇਵਾਚਕ ਵਿਸ਼ੇਸ਼ਣ : ਜਿਹੜੇ ਵਿਸ਼ੇਸ਼ਣ ਇਸ਼ਾਰਾ ਕਰਕੇ ਕਿਸੇ ਵਸਤੂ ਵੱਲ ਸੰਕੇਤ ਕਰਕੇ ਨਿਸ਼ਚਾ ਕਰਾਉਣ ਉਹ ਨਿਸ਼ਚੇਵਰਕ ਵਿਸ਼ੇਸ਼ਣ ਹੁੰਦੇ ਹਨ ਜਿਵੇਂ ਔਹ ਪਿੰਨ, ਆਹ ਕਾਪੀ ਆਦਿ।

5. ਪੜਨਾਂਵੀ ਵਿਸ਼ੇਸ਼ਣ : ਜੋ ਵਿਸ਼ੇਸ਼ਣ ਅਸਲ ਵਿੱਚ ਪੜਨਾਂਵ ਹੁੰਦੇ ਹਨ ਪਰ ਕਿਸੇ ਨਾਉਂ ਦੇ ਨਾਲ ਆ ਕੇ ਵਿਸ਼ੇਸ਼ਣ ਦਾ ਕੰਮ ਦੇਣ ਉਹਨਾਂ ਨੂੰ ਪੜਨਾਂਵੀ ਵਿਸ਼ੇਸ਼ਣ ਕਿਹਾ ਜਾਂਦਾ ਹੈ ਜਿਵੇਂ ਕਿ ਜਿਹੜੀ ਕਾਪੀ, ਤੁਹਾਡਾ ਭਰਾ, ਮੇਰੇ ਹੱਥ ਆਦਿ ਵਿੱਚ 'ਜਿਹੜੀ, ਤੁਹਾਡਾ,ਮੇਰੇ' ਪੜਨਾਵੀਂ ਵਿਸ਼ੇਸ਼ਣ ਹਨ।

'ਕਿਰਿਆ-ਵਿਸ਼ੇਸ਼ਣ

ਜੋ ਸ਼ਬਦ ਕਿਸੇ ਕਿਰਿਆ ਦਾ ਗੁਣ, ਲਛਣ ਭਾਵ ਕਿਰਿਆ ਦੀ ਵਿਸ਼ੇਸ਼ਤਾ ਦੱਸੇ, ਉਸ ਦੇ ਕਰਨ ਦਾ ਢੰਗ, ਸਮਾਂ ਜਾਂ ਸਥਾਨ ਪ੍ਰਗਟ ਕਰੇ, ਉਸ ਨੂੰ ਕਿਰਿਆ ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ ਕਿ:

ਰਾਮ ਬਹੁਤ ਤੇਜ਼ ਤੁਰਦਾ ਹੈ।
ਇਹ ਘੜੀ ਤੇਜ਼ ਚਲਦੀ ਹੈ।
ਇਹ ਫੁੱਲ ਬੜਾ ਸੁੰਦਰ ਹੈ।

ਕਿਰਿਆ ਵਿਸ਼ੇਸ਼ਣ ਦੀਆਂ ਸ਼੍ਰੇਣੀਆਂ :

1. ਸਥਾਨ ਬੋਧਕ ਕਿਰਿਆ ਵਿਸ਼ੇਸ਼ਣ : ਜਿਸ ਸ਼ਬਦ ਤੋਂ ਕਿਰਿਆ ਦੇ ਵਾਪਰਨ ਦੇ ਸਥਾਨ ਦਾ ਬੋਧ ਹੋਵੇ ਜਿਵੇਂ ਕਿ ਅੰਦਰ, ਬਾਹਰ, ਹੇਠਾਂ, ਉੱਤੇ ਦੂਰ, ਨੇੜੇ, ਵਿਚਕਾਰ

ਕੁਰਸੀਆਂ ਮੇਜ਼ ਅੰਦਰ ਪਏ ਹਨ। (ਅੰਦਰ)
ਮੰਜੀਆਂ ਕੋਠੇ ਉੱਤੇ ਪਈਆਂ ਹਨ। (ਉੱਤੇ)

2. ਕਾਲਬੋਧਕ ਕਿਰਿਆ ਵਿਸ਼ੇਸ਼ਣ : ਜਿਸ ਸ਼ਬਦ ਤੋਂ ਕਿਰਿਆ ਵਾਪਰਨ ਦੇ ਸਮੇਂ ਦਾ ਬੋਧ ਹੁੰਦਾ ਹੈ ਭਾਵ ਉਹ ਕੰਮ ਕਿਸ ਸਮੇਂ ਤੇ ਕਦੋਂ ਹੋਇਆ ਜਿਵੇਂ ਕਿ ਅਜ, ਕਲ, ਸਵੇਰੇ, ਕਦੀ, ਜਦੋਂ ਸਮੇਂ ਸਿਰ, ਰਾਤੀ, ਪਿਛੋਂ, ਪਰਸੋਂ, ਦੋ ਘੰਟੇ, ਸਾਰੀ ਰਾਤ, ਸੋਮਵਾਰ ਤਕ ਆਦਿ।

ਕੁੜੀਆਂ ਸਾਰੀ ਰਾਤ ਗਾਉਂਦੀਆਂ ਰਹੀਆ। (ਸਾਰੀ ਰਾਤ)
ਤੁਹਾਨੂੰ ਸਮੇਂ ਸਿਰ ਕੰਮ ਕਰਨੇ ਚਾਹੀਦੇ ਹਨ। (ਸਮੇਂ ਸਿਰ)

3. ਪ੍ਰਕਾਰ ਬੋਧਕ ਕਿਰਿਆ ਵਿਸ਼ੇਸ਼ਣ : ਉਹ ਸ਼ਬਦ ਜਿਹੜੇ ਕਿਸੇ ਕੰਮ ਦੇ ਕਰਨ ਦਾ ਢੰਗ ਜਾਂ ਕੀਤੇ ਜਾਣ ਦਾ ਪ੍ਰਕਾਰ ਦਸਦੇ ਹਨ ਜਿਵੇਂ ਕਿ : ਹੌਲੀ, ਛੇਤੀ, ਰੁਕ ਕੇ, ਇਉਂ, ਇਦਾਂ, ਤੇਜ਼, ਕੀਕੁਰ ਆਦਿ।

ਸਹਿਜ ਪੱਕੇ ਸੋ ਮੀਠਾ ਹੋਏ (ਸਹਿਜ)
ਏਦਾਂ ਨ ਝਗੜਾ ਕਰੋ। (ਏਦਾ)

4. ਪਰਿਮਾਣਬੋਧਕ ਕਿਰਿਆ ਵਿਸ਼ੇਸ਼ਣ : ਇਸ ਤੋਂ ਕਿਰਿਆ ਦੇ ਵਿਸਤਾਰ, ਜਾਂ ਪਰਿਮਾਣ ਬਾਰੇ ਸੂਚਨਾ ਮਿਲਦੀ ਹੈ ਜਿਵੇਂ ਕਿ ਥੋੜਾ, ਬਹੁਤ, ਏਕਾ, ਕਿੰਨਾ, ਜਰਾ ਕੁ ਬੜਾ ਹੀ।

5. ਕਾਰਕ ਬੋਧਕ ਕਿਰਿਆ ਵਿਸ਼ੇਸ਼ਣ : ਇਹ ਕਿਰਿਆ ਦੇ ਵਾਪਰਨ ਦੇ ਕਾਰਕ ਵਲ ਸੰਕੇਤ ਕਰਦੇ ਹਨ ਜਿਵੇਂ ਕਿ ਕਿਉ, ਕਿੰਞ, ਕਿਦਾਂ, ਕਿਵੇਂ, ਕਿਥੇ, ਕਿਧਰ, ਕਿਥੋਂ ਆਦਿ।

6. ਨਿਸ਼ਚਾਬੋਧਕ ਕਿਰਿਆ ਵਿਸ਼ੇਸ਼ਣ : ਇਹ ਕਿਰਿਆ ਸੰਬੰਧੀ ਨਿਸ਼ਚੇ ਜਾਂ ਵਿਸ਼ਵਾਸ ਵਾਲਾ ਭਾਵ ਪ੍ਰਗਟਾਉਂਦੇ ਹਨ ਜਿਵੇਂ ਕਿ ਹਾਂ, ਜ਼ਰੂਰ, ਬੇਸ਼ਕ, ਬਹੁਤ ਅੱਛਾ, ਹਾਂ ਜੀ, ਠੀਕ ਆਦਿ ਇਸ ਸ਼੍ਰੇਣੀ ਵਿੱਚ ਆਉਂਦੇ ਹਨ।

7. ਨਾਂਹਕਾਰੀ ਕਿਰਿਆ ਵਿਸ਼ੇਸ਼ਣ : ਇਸ ਤੋਂ ਕਿਰਿਆ ਸੰਬੰਧੀ ਨਿਸ਼ੇਧੀ ਅਰਥਾਤ ਨਾਂਹਵਾਲੀ ਸੂਚਨਾ ਮਿਲਦੀ ਹੈ ਜਿਵੇਂ ਕਿ ਨਾਂ, ਨਹੀਂ, ਬਿਲਕੁਲ ਨਹੀਂ, ਕਦੇ ਨਹੀਂ।

ਸੰਬੰਧਕ

ਜਿਹੜੇ ਸ਼ਬਦ ਨਾਵਾਂ, ਪੜਨਾਵਾਂ ਜਾਂ ਵਿਸ਼ੇਸ਼ਣਾਂ ਦਾ ਬਾਕੀ ਸ਼ਬਦਾਂ ਨਾਲ ਸੰਬੰਧ ਸਪਸ਼ਟ ਕਰਦੇ ਹਨ, ਉਨ੍ਹਾਂ ਨੂੰ ਸੰਬੰਧਕ ਕਿਹਾ ਜਾਂਦਾ ਹੈ। ਭਾਵ ਜੋ ਵਾਕ ਵਿੱਚ ਆਏ ਸ਼ਬਦਾਂ ਦਾ ਇਕ ਦੂਜੇ ਨਾਲ ਸੰਬੰਧ ਜ਼ੋੜਨ। ਜਿਵੇਂ ਕਿ ਨੇ, ਨੂੰ, ਦਾ, ਦੇ, ਦੀ, ਦੀਆਂ, ਪਰ, ਨਾਲ।

ਸੰਬੰਧਕਾਂ ਦੇ ਕੋਈ ਅਰਥ ਨਹੀਂ ਹੁੰਦੇ ਪਰ ਇਹ ਵਾਕਾਂ ਵਿੱਚ ਵਰਤੇ ਗਏ ਹੋਰਨਾਂ ਸ਼ਬਦਾਂ ਦੇ ਅਰਥ ਸਪਸ਼ਟ ਕਰਨ ਲਈ ਬਹੁਤ ਹੀ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਪੰਜਾਬੀ ਦੇ ਸੰਬੰਧਕ, ਨਾਂਵ ਜਾਂ ਪੜਨਾਂਵ ਤੋਂ ਪਿਛੋਂ ਆਉਂਦੇ ਹਨ। ਕੋਈ ਸ਼ਬਦ ਜਿਸ ਸ਼ਬਦ ਦਾ ਕਿਸੇ ਦੂਸਰੇ ਸ਼ਬਦ ਨਾਲ ਸੰਬੰਧ ਜੋੜੇ ਉਸਨੂੰ ਸੰਬੰਧੀ ਤੇ ਜਿਸ ਦੇ ਨਾਲ ਸੰਬੰਧ ਦਸਿਆ ਜਾਵੇ ਉਸਨੂੰ ਸੰਬੰਧਮਾਨ ਕਹਿੰਦੇ ਹਨ। ਜਿਵੇਂ ਕਿ :

ਕੱਪੜੇ ਤਾਰ ਉੱਤੇ ਟੰਗੇ ਪਏ ਹਨ। ਵਿੱਚ ਸੰਬੰਧੀ ਕੱਪੜੇ ਅਤੇ ਸੰਬੰਧਮਾਨ ਤਾਰ ਹੈ।

ਸੰਬੰਧਕ ਤਿੰਨ ਪ੍ਰਕਾਰ ਦੇ ਹੁੰਦੇ ਹਨ:

1. ਪੂਰਨ ਸੰਬੰਧਕ : ਉਹ ਸੰਬੰਧਕ ਜਿਹੜੇ ਇਕੱਲੇ ਹੀ ਵਾਕ ਵਿੱਚ ਸ਼ਬਦਾਂ ਦਾ ਸੰਬੰਧ ਜੋੜ ਸਕਣ ਅਤੇ ਉਨ੍ਹਾਂ ਨਾਲ ਕੋਈ ਹੋਰ ਸੰਬੰਧਕ ਨਾ ਲਗ ਸਕੇ। ਜਿਵੇਂ ਤੋਂ, ਥੋਂ, ਦਾ, ਦੇ, ਦੀ, ਨੇ, ਨੂੰ ਆਦਿ।

2. ਅਪੂਰਨ ਸੰਬੰਧਕ : ਇਹ ਉਹ ਹੁੰਦੇ ਹਨ, ਜਿਹੜੇ ਸ਼ਬਦਾਂ ਦਾ ਆਪਸੀ ਸੰਬੰਧ ਇਕੱਲੇ ਵੀ ਜੋੜ ਸਕਣ ਅਤੇ ਉਨ੍ਹਾਂ ਨਾਲ 'ਦੇ' ਸਬੰਧ ਵੀ ਲਾਇਆ ਜਾ ਸਕੇ ਜਿਵੇਂ ਪਹਿਲਾਂ , ਕੋਲੋਂ, ਨਾਲ, ਵਿਚ, ਪਾਸ ਆਦਿ।

ਯੋਜਕ

ਉਹ ਸ਼ਬਦ ਜੋ ਦੋ ਵਾਕਾਂ ਜਾਂ ਦੋ ਸ਼ਬਦਾਂ ਨੂੰ ਆਪਸ ਵਿੱਚ ਜੋੜਨ ਯੋਜਕ ਅਖਵਾਉਂਦੇ ਹਨ ਜਿਵੇਂ ਕਿ, ਤੇ, ਅਤੇ ਪਰ, ਸਗੋਂ, ਤਾਂ ਜੋ ਕਿਉਂਕਿ ਕੁਝ ਯੋਜਕ ਅਜਿਹੇ ਹੁੰਦੇ ਹਨ, ਜੋ ਯੋਜਕ ਦਾ ਕੰਮ ਵੀ ਦਿੰਦੇ ਹਨ ਅਤੇ ਕਾਰਨ ਵਾਚਕ ਕਿਰਿਆ ਵਿਸ਼ੇਸ਼ਣ ਦਾ ਵੀ ਜਿਹਾ ਕਿ : ਕਿਉਂਕਿ, ਤਾਂ ਜੋ, ਆਦਿ।

ਉਹ ਕੇਵਲ ਵਿਦਵਾਨ ਹੀ ਨਹੀਂ ਸਗੋਂ ਫਿਲਾਸਫਰ ਵੀ ਹੈ। (ਸਗੋਂ)

ਰਾਣੀ ਸਕੂਲ ਨਹੀਂ ਜਾਂਦੀ ਕਿਉਂਕਿ ਉਹ ਬਿਮਾਰ ਹੈ। (ਕਿਉਂਕਿ)

ਅਰਥਾਂ ਦੇ ਪੱਖ ਤੋਂ ਯੋਜਕ ਦੀਆਂ ਕਈ ਸ਼੍ਰੇਣੀਆਂ ਹਨ ਜਿਵੇਂ ਕਿ :

1. ਇਕਹਿਰੇ ਯੋਜਕ : ਉਹ ਹਨ ਜਿਨ੍ਹਾਂ ਵਿੱਚ ਇਕ ਹੀ ਸ਼ਬਦ ਆਵੇ ਜਿਵੇਂ ਤੇ, ਅਤੇ, ਪਰ , ਕਿ ਆਦਿ।

(ਮੈਂ ਤੁਹਾਨੂੰ ਕਿਹਾ ਸੀ ਕਿ ਉਥੇ ਨਾ ਜਾਣਾ)

ਜੇ ਮੈਨੂੰ ਦੇਰ ਹੋ ਗਈ ਤਾਂ ਮੈਂ ਉਥੇ ਹੀ ਠਹਿਰਾਗਾਂ।

2. ਸੰਯੁਕਤ ਯੋਜਕ : ਉਹ ਹਨ ਜੋ ਦੋ ਜਾਂ ਵਧੇਰੇ ਸ਼ਬਦਾਂ ਦੇ ਸੰਜੋਗ ਨਾਲ ਬਣਦੇ ਹਨ ਜਿਵੇਂ ਕਿ ਇਸ ਲਈ, ਤਾਂ ਜ਼ੋ।

ਤੇਜ਼ ਤੂਫਾਨ ਸੀ ਇਸ ਲਈ ਟੈਲੀਫ਼ੂਨ ਕਟ ਗਿਆ।

ਹੌਲੀ ਤੁਰੋ ਤਾਂ ਜ਼ੋ ਸਾਹ ਨਾ ਚੜ੍ਹੇ।

ਵਿਸਮਿਕ

ਉਹ ਸ਼ਬਦ ਜੋ ਮਨ ਦੀ ਖੁਸ਼ੀ, ਗ਼ਮੀ ਜਾਂ ਹੈਰਾਨੀ ਪ੍ਰਗਟ ਕਰਨ, ਵਿਸਮਿਕ ਕਹਾਉਂਦੇ ਹਨ ਜਿਵੇਂ ਕਿ : ਵਾਹ ਵਾਹ! ਸ਼ਾਬਾਸ਼, ਆਹ, ਹਾਇ, ਊਫ, ਉਹੋ, ਹੈਂ ਆਦਿ।

ਉਫ! ਇਹ ਖਤਰਨਾਕ ਗੱਲ ਹੈ।
ਵਾਹ–ਵਾਹ! ਅੱਜ ਤਾਂ ਐਸ਼ਾਂ ਹੀ ਲਗ ਗਈਆਂ।
ਵਿਸਮਿਕ ਵੀ ਕਈ ਕਿਸਮਾਂ ਦੇ ਹੁੰਦੇ ਹਨ ਜਿਵੇਂ ਕਿ :

ਸੰਬੋਧਨੀ ਵਿਸਮਿਕ : ਜਿਹੜੇ ਸ਼ਬਦ ਕਿਸੇ ਨੂੰ ਸੰਬੋਧਨ ਕਰਨ ਜਾਂ ਆਵਾਜ਼ ਦੇਣ ਸਮੇਂ ਵਰਤੇ ਜਾਣ, ਉਨ੍ਹਾਂ ਨੂੰ ਸੂਚਨਾ ਵਾਚਕ ਵਿਸਮਿਕ ਆਖਦੇ ਸਨ ਜਿਵੇਂ ਕਿ : ਵੇਖੀ! ਖਬਰਦਾਰ! ਬਚਣਾ! ਹੁਸ਼ਿਆਰ! ਜਾਗਦੇ ਰਹੋ!

ਹੁਸ਼ਿਆਰ ਰਹੋ! ਸਿਪਾਹੀ ਬੋਲਿਆ।

ਖੁਸ਼ੀ ਵਾਚਕ ਵਿਸਮਿਕ : ਜੋ ਸ਼ਬਦ ਮਨ ਦੀ ਖੁਸ਼ੀ ਅਤੇ ਹੁਲਾਸ ਪ੍ਰਗਟ ਕਰਨ ਲਈ ਵਰਤੇ ਜਾਣ, ਖੁਸ਼ੀ ਵਾਚਕ ਵਿਸਮਿਕ ਹੁੰਦੇ ਹਨ ਜਿਵੇਂ ਕਿ :

ਵਾਹਵਾ ! ਧੰਨ ! ਬੱਲੇ! ਆਹਾ!
ਆਹਾ ! ਕਿੰਨਾ ਸੋਹਣਾ ਨਜ਼ਾਰਾ ਹੈ । (ਆਹਾ)
ਬੱਲੇ ਬੱਲੇ ! ਇੰਨਾ ਮੀਂਹ ਪੈ ਰਿਹਾ ਹੈ। (ਬੱਲੇ)

ਪਾਠ ਨੰ: **2.2** ਡਾ. ਬਲਦੇਵ ਸਿੰਘ ਚੀਮਾ

ਕਾਰਕ ਅਤੇ ਕਾਰਕੀ ਸਬੰਧ

2.2.1 ਪਾਠ ਦਾ ਮੰਤਵ
2.2.2 ਭੂਮਿਕਾ
2.2.3 ਕਾਰਕ ਦੀ ਪਛਾਣ ਵਿਧੀ
2.2.4 ਕਾਰਕ ਦਾ ਘੇਰਾ
2.2.5 ਕਾਰਕ : ਸਥਾਪਤੀ ਦੇ ਆਧਾਰ
2.2.6 ਪੰਜਾਬੀ ਕਾਰਕ ਪ੍ਰਬੰਧ
2.2.7 ਯੋਗਤਾ ਦੀ ਪਰਖ : ਪ੍ਰਸ਼ਨਾਂ ਦੇ ਸੰਭਾਵੀ ਉੱਤਰ

2.2.2 ਭੂਮਿਕਾ

ਵਾਕ ਬਣਤਰ ਵਿੱਚ ਵਿਚਰ ਰਹੇ ਸ਼ਬਦਾਂ ਦੀ ਆਪਣੀ ਇਕ ਤਰਤੀਬ ਹੁੰਦੀ ਹੈ ਅਤੇ ਉਸ ਬਣਤਰ ਦਾ ਇਕ ਕਾਰਜ ਹੁੰਦਾ ਹੈ। ਇਕ ਭਾਸ਼ਾ ਤੋਂ ਦੂਜੀ ਭਾਸ਼ਾ ਵਿੱਚ ਵਿਆਕਰਨ ਦੇ ਪੱਧਰ 'ਤੇ ਕਈ ਭਾਂਤ ਦਾ ਵਖਰੇਵਾਂ ਹੁੰਦਾ ਹੈ। ਇਕ ਤਰਤੀਬ ਵਿੱਚ ਵਿਚਰ ਰਹੇ ਸ਼ਬਦ ਆਪ ਮੁਹਾਰੇ ਢੰਗ ਨਾਲ ਨਹੀਂ ਆਉਂਦੇ ਸਗੋਂ ਉਨ੍ਹਾਂ ਦੇ ਪਿੱਛੇ ਇਕ ਪੂਰਾ ਵਿਗਿਆਨ ਕੰਮ ਕਰ ਰਿਹਾ ਹੁੰਦਾ ਹੈ। ਭਾਸ਼ਾ ਦੀ ਜੁਗਤ ਨੂੰ ਜੇਕਰ ਗਹੁ ਨਾਲ ਵੇਖਿਆ ਜਾਵੇ ਤਾਂ ਇਸ ਪ੍ਰਕਾਰ ਦਾ ਅਦਿੱਖ ਵਿਗਿਆਨ ਕੰਮ ਕਰਦਾ ਪ੍ਰਤੀਤ ਹੁੰਦਾ ਹੈ। ਵਾਕ ਵਿਚਲੇ ਸ਼ਬਦ ਵਡੇਰੀ ਇਕਾਈ ਦੇ ਮੈਂਬਰਾਂ ਵਜੋਂ ਵਿਚਰਦੇ ਹਨ ਅਤੇ ਵਡੇਰੀਆਂ ਇਕਾਈਆਂ ਵਾਕ ਦੀ ਬਣਤਰ ਤੇ ਕਾਰਜ ਨੂੰ ਨਿਰਧਾਰਤ ਕਰਦੀਆਂ ਹਨ। ਇਹ ਇਕਾਈਆਂ ਵਾਕ ਦੀ ਬਣਤਰ ਤੇ ਕਾਰਜ ਨੂੰ ਨਿਰਧਾਰਤ ਕਰਦੀਆਂ ਹਨ। ਇਨ੍ਹਾਂ ਇਕਾਈਆਂ ਦੇ ਵਿਚਰਨ ਪਿਛੇ ਭਾਸ਼ਾ ਦਾ ਕਾਰਕ-ਵਿਧਾਨ ਕਾਰਜਸ਼ੀਲ ਹੁੰਦਾ ਹੈ।

2.2.3 ਕਾਰਕ ਦੀ ਪਛਾਣ ਵਿਧੀ

ਭਾਸ਼ਾ ਦੀ ਵਾਕ-ਜੁਗਤ ਵਿਚਲੇ ਵਾਕਾਤਮਕ ਸੰਬੰਧਾਂ ਨੂੰ ਕਾਰਕ ਹੀ ਨਿਰਧਾਰਤ ਕਰਦੇ ਹਨ। ਕਾਰਕਾਂ ਦਾ ਪ੍ਰਗਟਾਵਾ ਭਾਵ-ਜੁਗਤ ਜਾਂ ਪਰਤੱਖ-ਜੁਗਤ ਦੀ ਪੱਧਰ 'ਤੇ ਹੁੰਦਾ ਹੈ। ਭਾਵ-ਜੁਗਤ ਦੇ ਪੱਧਰ 'ਤੇ ਕਾਰਕ ਚਿੰਨ੍ਹਾਂ ਦੀ ਵਰਤੋਂ ਨਹੀਂ ਹੁੰਦੀ ਪਰੰਤੂ ਪਰਤੱਖ-ਜੁਗਤ ਦੇ ਪੱਧਰ 'ਤੇ ਇਨ੍ਹਾਂ ਦੀ ਵਰਤੋਂ ਹੁੰਦੀ ਹੈ। ਪਰਤੱਖ-ਜੁਗਤ ਦੇ ਪੱਧਰ 'ਤੇ ਕਾਰਕਾਂ ਦਾ ਪ੍ਰਗਟਾਵਾ ਦੋ ਤਰ੍ਹਾਂ ਨਾਲ ਹੈ, ਭਾਵ ਨਾਵਾਂ ਦੇ ਅੰਤਕਾਂ ਵਜੋਂ ਵਿਚਰ ਰਹੇ ਕਾਰਕਾਂ, ਸੰਬੰਧ ਸੂਚਕ ਵਿਭਕਤੀਆਂ ਰਾਹੀਂ ਅਤੇ ਨਾਵਾਂ ਤੋਂ ਪਿਛੋਂ ਆਜ਼ਾਦ ਤੌਰ 'ਤੇ ਵਿਚਰ ਰਹੇ ਕਾਰਕੀ ਸੰਬੰਧ ਸੂਚਕ ਸੰਬੰਧਕਾਂ ਰਾਹੀਂ। ਕਾਰਕ ਦੀ ਪਰਿਭਾਸ਼ਾ ਹਿਤ ਇਹ ਆਖਿਆ ਜਾ ਸਕਦਾ ਹੈ ਕਿ ਵਾਕ-ਬਣਤਰ ਵਿੱਚ ਵਿਚਰਦੀਆਂ ਨਾਂਵ/ਨਾਂਵ ਵਾਕੰਸ਼ ਅਤੇ ਕਿਰਿਆ/ਵਾਕੰਸ਼ ਕਿਰਿਆ ਦੇ ਅੰਤਰ ਸੰਬੰਧਾਂ ਨੂੰ ਕਾਰਕ ਦਾ ਨਾਂ ਦਿੱਤਾ ਜਾਂਦਾ ਹੈ ਅਤੇ ਕਾਰਕਾਂ ਦੇ ਪ੍ਰਗਟਾਅ ਲਈ ਵਿਸ਼ੇਸ਼ ਸ਼ਬਦ ਰੂਪਾਂ ਦੀ ਲੋੜ ਪੈਂਦੀ ਹੈ।

2.2.4 ਕਾਰਕ ਦਾ ਘੇਰਾ

ਹਰ ਇਕ ਕਾਰਕ ਦਾ ਆਪਣਾ ਇੱਕ ਘੇਰਾ ਹੁੰਦਾ ਹੈ ਜੋ ਦੂਜੇ ਕਾਰਕ ਦੇ ਕਾਰਜ ਤੋਂ ਭਿੰਨ ਹੁੰਦਾ ਹੈ। ਲੜੀਵਾਰ ਤਰਤੀਬ ਰਾਹੀਂ ਕਾਰਕਾਂ ਦੀ ਪਛਾਣ ਰੂਪ ਭਾਵ ਵਿਭਕਤੀਆਂ ਦੇ ਸੰਬੰਧਕਾਂ ਰਾਹੀਂ ਕੀਤੀ ਜਾਂਦੀ ਹੈ ਜਦੋਂ ਕਿ ਕੜੀਦਾਰ ਤਰਤੀਬ ਵਿੱਚ ਕਾਰਕਾਂ ਦੀ ਪਛਾਣ ਨਾਂਵ ਤੇ ਕਿਰਿਆ ਤੇ ਵਾਕਾਤਮਕ ਸੰਬੰਧਾਂ ਰਾਹੀਂ ਕੀਤੀ ਜਾਂਦੀ ਹੈ। ਇਸ ਪ੍ਰਕਾਰ ਕਾਰਕ ਦੀ ਪਛਾਣ ਜਿੱਥੇ ਨਾਵਾਂ ਤੋਂ ਹੁੰਦੀ ਹੈ ਉਥੇ ਨਾਵਾਂ ਦੇ ਕਿਰਿਆ ਨਾਲ ਸੰਬੰਧ ਦੇ ਕਾਰਜ ਤੋਂ ਵੀ ਹੁੰਦੀ ਹੈ। ਨਾਵਾਂ ਨਾਲ ਲਗਦੀਆਂ ਹੋਈਆਂ ਵਿਭਕਤੀਆਂ ਅਤੇ ਅਜ਼ਾਦ ਤੌਰ 'ਤੇ ਵਿਚਰਨ ਵਾਲੇ ਸੰਬੰਧਕ ਨਾਵਾਂ ਦੇ ਕਾਰਜ ਨੂੰ ਨਿਰਧਾਰਤ ਕਰਦੇ ਹਨ। ਇਨ੍ਹਾਂ ਦਾ ਸੰਬੰਧ ਦੁਵੱਲਾ ਹੈ। ਵਾਕ ਦੀ ਤਰਤੀਬ ਵਿੱਚ ਨਾਂਵ ਤੇ ਕਿਰਿਆ ਵਿਚਲੇ ਸੰਬੰਧਾਂ ਅਤੇ ਨਾਂਵ ਸ਼ਬਦਾਵਲੀ ਦੀ ਰੂਪਾਂਤਕ ਲੜੀ ਤੋਂ ਇਨ੍ਹਾਂ ਦਾ ਪਤਾ ਚਲਦਾ ਹੈ।

2.2.5 ਕਾਰਕ : ਸਥਾਪਤੀ ਦੇ ਆਧਾਰ

ਪਾਣਿਨੀ ਦੀ ਵਿਕਾਰੀ ਸ਼ਬਦ ਪ੍ਰਣਾਲੀ ਕਾਰਕ ਦੇ ਸੰਕਲਪ 'ਤੇ ਆਧਾਰਿਤ ਹੈ। ਕਾਰਕ ਨੂੰ ਵਾਸਤਵ ਵਿੱਚ ਵਸਤੂ ਅਤੇ ਉਹਦੇ ਕਾਰਜ ਦੇ ਪ੍ਰਸੰਗ ਵਿੱਚ ਰੱਖ ਕੇ ਅਨੁਭਵ ਕੀਤਾ ਗਿਆ, ਜੋ ਕਾਰਜ ਦੀ ਪੂਰਤੀ ਲਈ ਕਿਰਿਆ ਕਰਦੀ ਹੈ। ਇਸ ਤਰ੍ਹਾਂ ਪਾਣਿਨੀ ਨੇ ਕਾਰਕ ਦੇ ਸੰਕਲਪ ਦੀ ਕਲਪਨਾ ਨਾਂਵ ਅਤੇ ਕਿਰਿਆ ਅਰਥਾਤ ਉਸਦੇ ਪਿਛੋਕੜ ਵਿੱਚ ਵਿਚਰਦੀ ਵਸਤੂ ਅਤੇ ਉਹਦੇ ਕਾਰਜ ਦੇ ਤਾਰਕਿਕ ਸੰਬੰਧਾਂ ਦੇ ਆਧਾਰ 'ਤੇ ਕੀਤੀ ਹੈ। ਕਾਰਕ ਸਿਧਾਂਤ ਵਾਸਤਵ ਵਿੱਚ ਅਜਿਹੇ ਵਾਕਾਤਮਕ ਸੰਬੰਧਾਂ ਦਾ ਸਮੂਹ ਹੈ ਜਿਨ੍ਹਾਂ ਦੀ ਕਲਪਨਾ ਗੁਪਤ ਜੁਗਤ ਵਿੱਚ ਭਾਵ ਜੁਗਤ ਵਿੱਚ ਧੁਨੀਆਤਮਕ ਪੱਧਰ 'ਤੇ ਕਾਰਕ ਸੂਚਕ ਚਿੰਨ੍ਹਾਂ ਰਾਹੀਂ ਪ੍ਰਗਟ ਹੁੰਦੀ ਹੈ। ਇਸ ਤਰ੍ਹਾਂ ਕਾਰਕ ਸਿਧਾਂਤ ਦੇ ਦੋ ਪੱਖ ਹਨ :-

(1) ਗੁਪਤ ਜੁਗਤ ਵਿੱਚ ਵਿਚਰਦੇ ਵਾਕਾਤਮਕ ਸੰਬੰਧ।

(2) ਪ੍ਰਤੱਖ ਜੁਗਤ ਵਿੱਚ ਕਾਰਕ ਸੂਚਕ ਚਿੰਨ੍ਹਾਂ ਰਾਹੀਂ ਉਨ੍ਹਾਂ ਦਾ ਪ੍ਰਗਟਾਅ।

ਪਾਣਿਨੀ ਦੇ ਇਸ ਸਿਧਾਂਤ ਤੋਂ ਬਹੁਤ ਸਾਰੇ ਪੱਛਮੀ ਵਿਦਵਾਨਾਂ ਨੇ ਇਸ ਨੂੰ ਪੂਰੀ ਤਰ੍ਹਾਂ ਨਹੀਂ ਸਮਝਿਆ ਅਤੇ ਇਸ ਕਰਕੇ ਕਈ ਭੁਲੇਖਿਆਂ ਦਾ ਸ਼ਿਕਾਰ ਹੋ ਗਏ ਅਤੇ ਉਨ੍ਹਾਂ ਮੁਤਾਬਕ ਪਾਣਿਨੀ ਰੂਪ ਤੋਂ ਹੀ ਪ੍ਰਭਾਵਿਤ ਸੀ ਪਰੰਤੂ ਪਾਣਿਨੀ ਦਾ ਕਾਰਕ ਸਿਧਾਂਤ ਭਾਵਾਤਮਕ ਸੰਬੰਧਾਂ ਨੂੰ ਪੇਸ਼ ਕਰਦਾ ਹੈ।

ਕਾਰਕ ਸੰਬੰਧਾਂ ਦੇ ਪ੍ਰਗਟਾਅ ਲਈ ਸੰਸਾਰ ਦੀਆਂ ਭਾਸ਼ਾਵਾਂ ਉਤੇ ਉਨ੍ਹਾਂ ਦੀ ਰੂਪਾਤਮਕ ਜੁਗਤ ਅਨੁਸਾਰ ਵੱਖ-ਵੱਖ ਕਾਰਕ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਕਾਰਕਾਂ ਦੀ ਸੰਖਿਆ ਘੱਟ ਵੱਧ ਹੈ। ਸੰਸਕ੍ਰਿਤ ਵਿਆਕਰਨਕਾਰ ਪਾਣਿਨੀ ਨੇ ਸੰਸਕ੍ਰਿਤ ਵਿੱਚ ਛੇ ਕਾਰਕ ਅਤੇ ਅੱਠ ਵਿਭਕਤੀਆਂ ਮੰਨੀਆਂ ਹਨ। ਭਾਸ਼ਾ ਪਰਿਵਰਤਨਸ਼ੀਲ ਹੈ, ਇਸ ਕਰਕੇ ਸਮੇਂ ਦੀ ਤਬਦੀਲੀ ਨਾਲ ਭਾਸ਼ਾ ਵਿੱਚ ਪਰਿਵਰਤਨ ਆ ਜਾਂਦੇ ਹਨ ਅਤੇ ਇਸ ਤਬਦੀਲੀ ਨਾਲ ਭਾਸ਼ਾ ਦੀ ਬਣਤਰ ਵਿੱਚ ਵੀ ਤਬਦੀਲੀ ਵਾਪਰਦੀ ਹੈ ਜਿਸ ਕਰਕੇ ਪੁਰਾਤਨ ਭਾਸ਼ਾ ਤੇ ਬਦਲੀ ਹੋਈ ਭਾਸ਼ਾ ਵਿੱਚ ਕਾਰਕ ਅਤੇ ਵਿਭਕਤੀ ਵਿੱਚ ਅੰਤਰ ਆਉਣਾ ਲਾਜ਼ਮੀ ਹੋ ਜਾਂਦਾ ਹੈ। ਆਧੁਨਿਕ ਭਾਰਤੀ ਭਾਸ਼ਾਵਾਂ ਵਿਚਲੇ ਵਾਕਾਤਮਕ ਸੰਬੰਧਾਂ ਨੂੰ ਪੇਸ਼ ਕਰਨ ਵਾਲੇ ਕਾਰਕ ਅਤੇ ਵਿਭਕਤੀਆਂ ਵਿੱਚ ਪੁਰਾਤਨ ਦੇ ਮੁਕਾਬਲੇ ਵਿੱਚ ਬਹੁਤ ਪਰਿਵਰਤਨ ਹੈ। ਖਾਸ ਕਰਕੇ ਪੰਜਾਬੀ ਵਰਗੀਆਂ ਭਾਸ਼ਾਵਾਂ ਵਿੱਚ ਸੰਬੰਧਕਾਂ ਦੇ ਵਿਕਾਸ ਨਾਲ ਕਾਰਕਾਂ ਅਤੇ ਵਿਭਕਤੀਆਂ ਦੇ ਆਪਸੀ ਸੰਬੰਧਾਂ ਵਿੱਚ ਹੋਰ ਉਲਝਣ ਪੈਦਾ ਹੋਈ ਹੈ। ਇਸ ਕਰਕੇ ਪੰਜਾਬੀ ਭਾਸ਼ਾ ਦੇ ਕਾਰਕਾਂ ਅਤੇ ਵਿਭਕਤੀਆਂ ਨੂੰ ਵਧੇਰੇ ਧਿਆਨ ਨਾਲ ਵਿਚਾਰਨ ਤੇ ਪਰਖਣ ਦੀ ਲੋੜ ਹੈ।

2.2.6 ਪੰਜਾਬੀ ਕਾਰਕ ਪ੍ਰਬੰਧ

ਪੰਜਾਬੀ ਭਾਸ਼ਾ ਦੀ ਵਾਕ ਬਣਤਰ ਵਿੱਚ ਇਕ ਕਾਰਕ ਦਾ ਪ੍ਰਗਟਾਵਾ ਨਾਵਾਂ ਨਾਲ ਲੱਗੇ ਕਾਰਕ ਸੂਚਕ ਚਿੰਨ੍ਹਾਂ ਰਾਹੀਂ ਹੁੰਦਾ ਹੈ ਅਤੇ ਇਨ੍ਹਾਂ ਕਾਰਕਾਂ ਨੂੰ ਸੰਬੰਧਕਾਂ ਤੇ ਵਿਭਕਤੀਆਂ ਰਾਹੀਂ ਵੀ ਪ੍ਰਗਟਾਇਆ ਜਾ ਸਕਦਾ ਹੈ। ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਪੰਜਾਬੀ ਵਿੱਚ ਇਕ ਕਾਰਕ ਦੇ ਪ੍ਰਗਟਾਅ ਲਈ ਇਕ ਤੋਂ ਵਧੇਰੇ ਵਿਭਕਤੀਆਂ ਦੀ ਵਰਤੋਂ ਹੋ ਸਕਦੀ ਹੈ। ਪੰਜਾਬੀ ਭਾਸ਼ਾ ਵਿੱਚ ਕਾਰਕਾਂ ਦੀ ਸੰਖਿਆ ਦਾ ਨਿਰਣਾ ਨਾਵਾਂ ਨਾਲ ਵਿਚਰ ਰਹੀਆਂ ਵਿਭਕਤੀਆਂ ਦੇ ਆਧਾਰ 'ਤੇ ਕੀਤਾ ਜਾ ਸਕਦਾ ਹੈ। ਡਾ. ਚੰਚਲ ਸਿੰਘ ਅਨੁਸਾਰ ਪੰਜਾਬੀ ਵਿੱਚ ਕੁੱਲ ਛੇ ਵਿਭਕਤੀਆਂ ਹਨ ਤੇ ਛੇ ਕਾਰਕ। ਪਿਛਲੱਗਾਂ (ਸੰਬੰਧਕਾਂ) ਦੀ ਸੰਖਿਆ ਦੀ ਸੂਚੀ ਕਾਫੀ ਵੱਡੀ ਹੈ, ਜੋ ਨਾਂਵ ਦੇ ਪਿਛਲੱਗ ਵਜੋਂ ਵਿਚਰਕੇ ਸੰਯੁਕਤ ਵਿਭਕਤੀ ਦਾ ਕਾਰਜ ਕਰਦੇ ਸਨ। ਪੰਜਾਬੀ ਦੀਆਂ ਸੰਯੁਕਤ ਵਿਭਕਤੀਆਂ ਇਕ ਪਾਸੇ ਸੰਖੇਪ ਕਾਰਕ ਵਿੱਚ ਨਾਵਾਂ ਦੇ ਕਿਰਿਆ ਸੰਬੰਧਾਂ ਨੂੰ ਦਰਸਾਉਂਦੀਆਂ ਹਨ ਅਤੇ ਦੂਜੇ ਪਾਸੇ 'ਦਾ' ਵਰਗ ਦਾ ਸੰਬੰਧਕ ਦੋ ਨਾਵਾਂ ਦੇ ਵਿਚਕਾਰ ਵਿਚਰਦੇ ਨਾਂਵ ਵਾਕੰਸ਼ ਦੀ ਬਣਤਰ ਵਿਚਲੇ ਇਨ੍ਹਾਂ ਨਾਵਾਂ ਦੇ ਸੰਬੰਧਾਂ ਨੂੰ ਦਰਸਾਉਂਦੀਆਂ ਹਨ। ਇਸ ਤਰ੍ਹਾਂ ਸੰਬੋਧਨ ਵਿਭਕਤੀ ਸੂਚਕ ਸ਼ਬਦਾਂ ਨਾਲ ਪ੍ਰਗਟ ਹੁੰਦਾ ਹੈ ਅਤੇ ਸ਼ਬਦ ਦਾ ਕਿਰਿਆ ਨਾਲ ਕੋਈ ਸੰਬੰਧ ਨਹੀਂ ਹੁੰਦਾ ਭਾਵ ਸੰਬੋਧਨ ਵਿਧੇ ਤੋਂ ਬਿਨ੍ਹਾਂ ਹੀ ਹੁੰਦਾ ਹੈ। ਇਨ੍ਹਾਂ ਕਾਰਨਾਂ ਕਰਕੇ ਪੰਜਾਬੀ ਕਾਰਕ ਪ੍ਰਣਾਲੀ ਨੂੰ ਪੰਜਾਬੀ ਵਾਕਾਤਮਕ ਜੁਗਤ ਦੇ ਅੰਤਰਗਤ ਵਿਭਕਤੀ ਵਜੋਂ ਹੀ ਵੇਖਿਆ ਜਾ ਸਕਦਾ ਹੈ।

ਪੰਜਾਬੀ ਵਿੱਚ ਕਾਰਕ ਦੋ ਪ੍ਰਕਾਰ ਦੇ ਵਾਕਾਤਮਕ ਸੰਬੰਧਾਂ, ਵਿਆਕਰਨ ਅਸਥਾਨਗਤ ਨੂੰ ਪ੍ਰਗਟ ਕਰਦਾ ਹੈ।

ਪੰਜਾਬੀ ਵਿੱਚ ਕਾਰਕ ਸੰਬੰਧਾਂ ਦੇ ਵਾਕਾਤਮਕ ਕਾਰਜ ਨੂੰ ਉਪਲੱਬਧ ਵਿਭਕਤੀਆਂ ਦੇ ਆਧਾਰ ਤੇ ਛੇ ਕਾਰਕਾਂ ਵਿੱਚ ਵਰਗੀਕਰਨ ਕੀਤਾ ਜਾ ਸਕਦਾ ਹੈ ਅਤੇ ਹਰ ਕਾਰਕ ਵਿਸ਼ੇਸ਼ ਵਾਕਾਤਮਕ ਸੰਬੰਧਾਂ ਨੂੰ ਪ੍ਰਗਟ ਕਰਦਾ ਹੈ। ਛੇ ਕਾਰਕ ਇਸ ਪ੍ਰਕਾਰ ਹਨ :

2.2.6.1 ਸਾਧਾਰਨ ਕਾਰਕ
2.2.6.2 ਸੰਬੰਧਕੀ ਕਾਰਕ
2.2.6.3 ਅਪਾਦਾਨ ਕਾਰਕ
2.2.6.4 ਕਰਨ ਕਾਰਕ
2.2.6.5 ਅਧਿਅਕਰਨ ਕਾਰਕ
2.2.6.6 ਸੰਬੋਧਨ ਕਾਰਕ

2.2.6.1 ਸਾਧਾਰਨ ਕਾਰਕ

ਸਾਧਾਰਨ ਕਾਰਕ ਰਾਹੀਂ ਕਰਤਾ ਜਾਂ ਕਰਮ ਦੀ ਕਿਰਿਆ ਨਾਲ ਵਿਸ਼ੇਸ਼ ਵਿਆਕਰਨਕ ਸੰਬੰਧਾਂ ਦਾ ਪਤਾ ਚਲਦਾ ਹੈ। ਕਰਤਾ ਜਾਂ ਕਰਮ ਸ਼ਬਦ ਸ਼ਰੇਣੀ ਦੇ ਪੱਖ ਤੋਂ ਨਾਂਵ ਜਾਂ ਪੜਨਾਂਵ ਦੇ ਮੈਂਬਰ ਹੁੰਦੇ ਹਨ। ਇਸ ਕਾਰਕ ਦੀ ਵਿਸ਼ੇਸ਼ਤਾ ਇਸ ਗੱਲ ਵਿੱਚ ਹੈ ਕਿ ਇਨ੍ਹਾਂ ਨਾਲ ਕੋਈ ਸੰਬੰਧਕ ਨਹੀਂ ਵਿਚਰ ਰਿਹਾ ਹੁੰਦਾ। ਵਾਕ ਵਿੱਚ ਅਕਰਮਕ ਕਿਰਿਆਵਾਂ ਦਾ ਮੇਲ ਕਰਤਾ ਨਾਂਵ ਵਾਕੰਸ਼ ਨਾਲ ਹੁੰਦਾ ਹੈ ਅਤੇ ਜਦੋਂ ਕਿ ਪੂਰਨ ਸਕਰਮਕ ਕਿਰਿਆਵਾਂ ਦੇ ਮੇਲ ਨਾਲ ਹੁੰਦਾ ਹੈ, ਜਿਵੇਂ :

(ੳ) ਕੁੜੀ ਖੇਡਦੀ ਹੈ।
(ਅ) ਬੱਚੇ ਖੇਡਦੇ ਹਨ।
(ੲ) ਮੁੰਡਾ ਦੁੱਧ ਪੀਂਦਾ ਹੈ।
(ਸ) ਕੁੜੀਆਂ ਗੀਤ ਗਾਉਂਦੀਆਂ ਹਨ।
(ਹ) ਆਦਮੀ ਨੇ ਰੋਟੀ ਖਾਧੀ।
(ਕ) ਆਦਮੀ ਨੇ ਰੋਟੀਆਂ ਖਾਧੀਆਂ।
(ਖ) ਆਦਮੀ ਨੇ ਦੋ ਰੋਟੀਆਂ ਖਾਧੀਆਂ।

2.2.6.2 ਸੰਬੰਧਕੀ ਕਾਰਕ

ਨਾਂਵ ਜਾਂ ਪੜਨਾਂਵ ਸ਼ਬਦਾਂ ਦੇ ਸੰਬੰਧਕੀ ਰੂਪਾਂ ਤੋਂ ਪਿਛੋਂ ਵਿਚਰਨ ਵਾਲੇ ਵਿਸ਼ੇਸ਼ ਸੰਬੰਧਕਾਂ ਤੋਂ ਕਰਤਾ ਜਾਂ ਕਰਮ ਦੇ ਕਿਰਿਆ ਨਾਲ ਵਿਆਕਰਨਕ ਸੰਬੰਧਾਂ ਦਾ ਪਤਾ ਚਲਦਾ ਹੈ ਅਤੇ ਇਨ੍ਹਾਂ ਵਿਚਲੇ ਕਾਰਕੀ ਸੰਬੰਧਾਂ ਨੂੰ ਸੰਬੰਧਕੀ ਕਾਰਕ ਦਾ ਨਾਂ ਦਿੱਤਾ ਜਾਂਦਾ ਹੈ। ਪੰਜਾਬੀ ਦਾ ਸੰਬੰਧਕੀ ਕਾਰਕ ਸੰਸਕ੍ਰਿਤ ਦੇ ਪਰੰਪਰਾਗਤ ਕਾਰਕ, ਕਰਤਾ, ਕਰਮ, ਅਪਾਦਾਨ, ਸੰਪਰਦਾਨ, ਅਧਿਕਰਨ ਅਤੇ ਸੰਬੰਧ ਵਿਭਕਤੀ ਰਾਹੀਂ ਪ੍ਰਗਟਾਏ ਜਾਂਦੇ ਵਿਆਕਰਨਕ ਸੰਬੰਧਾਂ ਨੂੰ ਪ੍ਰਗਟ ਕਰਨ ਦਾ ਕਾਰਜ ਕਰਦਾ ਹੈ। ਇਸ ਪ੍ਰਕਾਰ ਇਸ ਕਾਰਜ ਖੇਤਰ ਵਿੱਚ ਵਿਚਰਦੇ ਵਿਸ਼ੇਸ਼ ਵਿਆਕਰਨਕ ਸੰਬੰਧਾਂ ਨੂੰ ਸੰਯੁਕਤ ਵਿਭਕਤੀ ਭਾਵ 'ਨਾਂਵ ਦੇ ਪਿਛੇਤਰੀ ਰੂਪ + ਸੰਬੰਧਕ' ਰਾਹੀਂ ਪ੍ਰਗਟ ਕੀਤਾ ਜਾਂਦਾ ਹੈ। ਪੰਜਾਬੀ ਵਿੱਚ ਨਾਂਵ ਜਾਂ ਪੜਨਾਂਵ ਦੇ ਪਿਛੇਤਰੀ ਰੂਪ ਵਿੱਚ ਸੰਬੰਧਕ ਇਕ ਦੂਜੇ ਦੇ ਪੂਰਕ ਹੁੰਦੇ ਹਨ। ਡਾ. ਚੰਚਲ ਸਿੰਘ ਨੇ ਇਨ੍ਹਾਂ ਦੀ ਵਿਸਥਾਰ ਪੂਰਵਕ ਚਰਚਾ ਕੀਤੀ ਹੈ। ਜਿਵੇਂ :

(1) /-ਏ + ਸੰਬੰਧਕ ਦੀ ਵਰਤੋਂ 'ਅ' ਵਿੱਚ ਇਕ ਨਾਂਵ ਦੇ ਪ੍ਰਸੰਗ ਵਿੱਚ ਕੀਤੀ ਜਾਂਦੀ ਹੈ :
   (ੳ) ਬੱਚੇ ਨੇ ਰੋਟੀ ਖਾਧੀ।
   (ਅ) ਬੱਚੇ ਤੋਂ ਰੋਟੀ ਨਹੀਂ ਖਾਧੀ ਗਈ।
   (ੲ) ਕੁੜੀ ਬੱਚੇ ਨੂੰ ਮਾਰਦੀ ਹੈ।
(2) /-ਇਆ + ਸੰਬੰਧਕ/ਦੀ ਵਰਤੋਂ 'ਅ' ਅੰਤਕ ਪੁਲਿੰਗ ਬਹੁਵਚਨ ਦੇ ਪ੍ਰਸੰਗ ਵਿੱਚ ਕੀਤੀ ਜਾਂਦੀ ਹੈ :
   (ੳ) ਬੱਚਿਆਂ ਨੇ ਕੁੱਤਿਆਂ ਨੂੰ ਮਾਰਿਆ।

(ਅ) ਗਰੀਬਾਂ ਦਾ ਨਿਰਾਦਰ ਨਾ ਕਰੋ।

(3) /0 + ਸੰਬੰਧਕ ਦੀ ਵਰਤੋਂ '-ਆ' ਅੰਤਕ ਨਾਵਾਂ ਤੋਂ ਬਿਨ੍ਹਾਂ ਬਾਕੀ ਸਾਰੇ ਸਵਰ ਅੰਤਕ, ਵਿਅੰਜਨ, ਅੰਤਕ ਪੁਲਿੰਗ/ਇਃ ਲਿੰਗ, ਇਥੇ ਵਚਨ ਨਾਵਾਂ ਦੇ ਪ੍ਰਸੰਗ ਵਿੱਚ ਕੀਤੀ ਜਾਂਦੀ ਹੈ :

(ੳ) ਪਿਉ ਨੇ ਮੁੰਡੇ ਨੂੰ ਰੋਣ ਤੋਂ ਰੋਕਿਆ।

(ਅ) ਸੱਜੇ ਹੱਥ ਨਾਲ ਲਿਖੋ।

(2.2) /-ਆ + ਸੰਬੰਧਕ ਦੀ ਵਰਤੋਂ '-ਆ' ਅੰਤਕ ਨਾਵਾਂ ਤੋਂ ਬਿਨ੍ਹਾਂ ਬਾਕੀ ਸਾਰੇ 'ਵਾ' ਸਵਰ ਅੰਤਕ ਪੁਲਿੰਗ/ਇਸਤਰੀ ਲਿੰਗ ਬਹੁਵਚਨ ਨਾਵਾਂ ਦੇ ਪ੍ਰਸੰਗ ਵਿੱਚ ਕੀਤੀ ਜਾਂਦੀ ਹੈ :

(ੳ) ਘਰਾਂ ਵਿੱਚ ਸਫ਼ਾਈ ਰੱਖੋ।

(ਅ) ਦੋਸਤਾਂ ਨਾਲ ਮਖ਼ੌਲ ਕੀਤਾ ਜਾ ਸਕਦਾ ਹੈ।

2.2.6.3 ਅਪਾਦਾਨ ਕਾਰਕ

ਅਪਾਦਾਨ ਕਾਰਕ ਰਾਹੀਂ ਵਾਕ ਤੇ ਵਾਕਾਤਮਕ ਸੰਬੰਧਾਂ ਦਾ ਕਾਰਜ ਕਿਸੇ ਸਥਾਨ, ਵਿਚਾਰ ਜਾਂ ਕਾਰਜ ਤੋਂ ਅੱਡ ਹੋਣ ਤੇ ਸੰਕਲਪ ਨੂੰ ਪ੍ਰਸਤੁਤ ਕਰਕੇ ਕੀਤਾ ਜਾਂਦਾ ਹੈ। ਇਸ ਕਾਰਨ ਦਾ ਪ੍ਰਗਟਾਵਾ ਹੇਠ ਲਿਖੇ ਅਨੁਸਾਰ ਹੁੰਦਾ ਹੈ ਜਿਵੇਂ :ਪਿਛੇਤਰਾਂ ਵਜੋਂ ਵਿਚਰ ਰਹੀਆਂ ਵਿਭਕਤੀਆਂ :

'ਓਂ'	ਘਰੋਂ
'ਇਓਂ'	ਕੋਠੇਓਂ
'ਥੋਂ'	ਤੈਥੋਂ

ਨਾਵਾਂ, ਪੜਨਾਵਾਂ, ਕਿਰਿਆਵਾਂ ਨਾਵਾਂ ਸੰਬੰਧੀ ਸੰਬੰਧਕਾਂ ਦੇ ਪਿਛੇਤਰੀ ਰੂਪਾਂ ਪਿੱਛੋਂ 'ਤੋਂ' ਅਪਾਦਾਨ ਸੰਬੰਧਕ ਦੀ ਵਰਤੋਂ ਹੁੰਦੀ ਹੈ ਜਿਸ ਦੀਆਂ ਉਦਾਹਰਣਾਂ ਹੇਠ ਦਿੱਤੀਆਂ ਗਈਆਂ ਹਨ :

ਨਾਂਵ			
	ਘਰ	ਘਰੋਂ	ਘਰ ਤੋਂ
	ਪਿੰਡ	ਪਿੰਡੋਂ	ਪਿੰਡ ਤੋਂ
	ਬੱਸ	ਬੱਸੋਂ	ਬੱਸ ਤੋਂ
	ਅਸਮਾਨ	ਅਸਮਾਨੋਂ	ਅਸਮਾਨ ਤੋਂ
ਪੜਨਾਂਵ :			
	ਮੈਂ	ਮੈਥੋਂ	ਮੇਰੇ ਤੋਂ
	ਤੂੰ	ਤੈਥੋਂ	ਤੇਰੇ ਤੋਂ
	ਸਾਡਾ	ਸਾਥੋਂ	ਸਾਡੇ ਤੋਂ
ਵਿਸ਼ੇਸ਼ਣ			
	ਗੋਰਾ	ਗੋਰਿਓ	ਗੋਰੇ ਤੋਂ
	ਚਿੱਟਾ	ਚਿੱਟਿਓ	ਚਿੱਟੇ ਤੋਂ
	ਨਿੱਕਾ	ਨਿੱਕਿਓ	ਨਿੱਕੇ ਤੋਂ
	ਚੌੜਾ	ਚੌੜਿਓ	ਚੌੜੇ ਤੋਂ
ਕਿਰਿਆਵਾਂ ਨਾਂਵ :			
	ਵੇਖਣ	ਵੇਖਣੋਂ	ਵੇਖਣ ਤੋਂ
	ਪੜ੍ਹ	ਪੜ੍ਹਨੋਂ	ਪੜ੍ਹਨ ਤੋਂ
	ਕਰ	ਕਰਨੋਂ	ਕਰਨ ਤੋਂ
	ਲਿਖ	ਲਿਖਣੋਂ	ਲਿਖਣ ਤੋਂ

2.2.6.4 ਕਰਨ ਕਾਰਕ

ਕਰਨ ਕਾਰਕ ਰਾਹੀਂ ਵਾਕ ਦੇ ਹੋਣ ਦੇ ਸਾਧਨ ਜਾਂ ਢੰਗ ਨੂੰ ਪ੍ਰਸਤੁਤ ਕੀਤਾ ਗਿਆ ਹੁੰਦਾ ਹੈ। ਪੰਜਾਬੀ ਵਿੱਚ ਕੁਝ ਨਾਵਾਂ ਨਾਲ 'ਈ' ਪਿਛੇਤਰ ਜਾਂ 'ਰਾਹੀਂ', 'ਨਾਲ', ਦੁਆਰਾ ਸੰਬੰਧਕਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ :

ਹੱਥ	ਹੱਥੀਂ	ਹੱਥਾਂ ਨਾਲ
ਬੁੱਕ	ਬੁੱਕੀਂ	ਬੁੱਕਾਂ ਨਾਲ
ਕੰਨ	ਕੰਨੀਂ	ਕੰਨਾਂ ਨਾਲ
ਗੱਲ	ਗੱਲੀਂ	ਗੱਲਾਂ ਨਾਲ

2.2.6.5 ਅਧਿਕਾਰਨ ਕਾਰਕ

ਅਧਿਕਾਰਨ ਕਾਰਕ ਦੁਆਰਾ ਵਾਕ ਵਿੱਚ ਵਿਚਰਦੇ ਨਾਵਾਂ ਦੇ ਕਾਰਜ ਦੇ ਦ੍ਰਿਸ਼ ਜਾਂ ਸਥਾਨ ਨੂੰ ਅੰਕਤ ਕੀਤਾ ਜਾਂਦਾ ਹੈ। ਅਧਿਕਰਨ ਕਾਰਕ ਨੂੰ ਪ੍ਰਸਤੁਤ ਕਰਨ ਲਈ ਨਾਵਾਂ ਨਾਲ ਦੋ ਪ੍ਰਕਾਰ ਦੇ ਅੰਤਕ ਲਗਦੇ ਹਨ : 'ਏ' (ਪੁਲਿੰਗ ਇਕ ਵਚਨ) ਅਤੇ 'ਈ' (ਪੁਲਿੰਗ ਬਹੁਵਚਨ) ਜਿਵੇਂ :

ਘਰ	ਘਰੇ	ਘਰ ਵਿੱਚ
ਚੁਬਾਰਾ	ਚੁਬਾਰੇ	ਚੁਬਾਰੇ ਵਿੱਚ
ਘਰ	ਘਰੀਂ	ਘਰਾਂ ਵਿੱਚ
ਚੁਬਾਰਾ	ਚੁਬਾਰੀਂ	ਚੁਬਾਰਿਆਂ ਵਿੱਚ

2.2.6.6 ਸੰਬੋਧਨ ਕਾਰਕ

ਭਾਰਤੀ ਵਿਆਕਰਨ ਪਰੰਪਰਾ ਦੇ ਅਨੁਸਾਰ 'ਕਾਰਕ' ਸੰਕਲਪ ਦੀ ਵਿਆਖਿਆ ਨਾਂਵ ਅਤੇ ਕਿਰਿਆਵਾਂ ਦੇ ਆਪਸੀ ਸੰਬੰਧ ਵਿੱਚ ਹੀ ਕੀਤੀ ਗਈ ਹੈ। ਪਰ ਪੰਜਾਬੀ ਦਾ ਸੰਬੋਧਨ ਕਾਰਕ ਇਸ ਪਰਿਭਾਸ਼ਾ 'ਤੇ ਪੂਰਾ ਨਹੀਂ ਉਤਰਦਾ ਕਿਉਂਕਿ ਇਸ ਕਾਰਕ ਰਾਹੀਂ ਕੇਵਲ ਨਾਂਵ ਹੀ ਪ੍ਰਭਾਵਤ ਹੁੰਦਾ ਹੈ ਕਿਰਿਆ ਨਹੀਂ। ਸੰਬੋਧਨ ਆਪਣੇ ਆਪ ਵਿੱਚ ਇਕ ਵਾਕ ਦਾ ਕਾਰਜ ਕਰਦਾ ਹੈ ਅਤੇ ਵਿਧੀ ਵਿਹੂਣਾ ਹੁੰਦਾ ਹੈ ਭਾਵੇਂ ਇਸ ਭਾਂਤ ਦੇ ਸੰਬੋਧਨੀ ਨਾਂਵਾਂ ਦੀ ਵਰਤੋਂ ਵਾਕਾਂ ਤੋਂ ਪਹਿਲਾਂ ਹੁੰਦੀ ਹੈ। ਪੰਜਾਬੀ ਦੇ ਸੰਬੋਧਨੀ ਕਾਰਕ ਨੂੰ ਉਜਾਗਰ ਕਰਨ ਵਾਲੀਆਂ ਸੰਬੋਧਨੀ ਵਿਭਕਤੀਆਂ ਦਾ ਜ਼ਿਕਰ ਕੀਤਾ ਜਾਂਦਾ ਹੈ ਜਿਵੇਂ :

(1) 'ਇਆਂ' ਦੀ ਵਰਤੋਂ 'ਆ' ਅੰਤਕ ਪੁਲਿੰਗ, ਇਕ ਵਚਨ ਨਾਵਾਂ ਲਈ :
ਕਾਲਿਆਂ।
ਮੁੰਡਿਆ।

(2) 'ਇਓ' ਦੀ ਵਰਤੋਂ 'ਓ' ਅੰਤਕ ਪੁਲਿੰਗ, ਬਹੁਵਚਨ ਨਾਵਾਂ ਲਈ :
ਘੋੜਿਓ।
ਖੋਤਿਓ।

ਇਸੇ ਪ੍ਰਕਾਰ 'ਆ' ਅਤੇ 'ਓ' ਵਿਭਕਤੀ ਦੀ ਵਰਤੋਂ 'ਆ' ਅੰਕ ਨਾਵਾਂ ਨੂੰ ਛੱਡ ਕੇ ਬਾਕੀ ਸਾਰੇ ਨਾਵਾਂ ਲਈ ਕੀਤੀ ਜਾਂਦੀ ਹੈ :

ਮਿੱਤਰਾ
ਬੇਲੀਆ
ਦੋਸਤੋ
ਮੁੰਡਿਓ

ਇਸ ਪਾਠ ਵਿੱਚ ਕਾਰਕ ਅਤੇ ਕਾਰਕੀ ਸੰਬੰਧਾਂ ਬਾਰੇ ਸੰਖੇਪ ਜਿਹੀ ਚਰਚਾ ਕੀਤੀ ਗਈ ਹੈ। ਇਸ ਸੰਬੰਧੀ ਹੋਰ ਜਾਣਕਾਰੀ ਪੰਜਾਬੀ ਭਾਸ਼ਾ ਦਾ ਵਿਆਕਰਣ ਭਾਗ ਤੀਜਾ ਮੁੱਖ ਸੰਪਾਦਕ ਡਾ. ਜੋਗਿੰਦਰ ਸਿੰਘ ਪੁਆਰ ਤੋਂ ਪ੍ਰਾਪਤ

ਕੀਤੀ ਜਾ ਸਕਦੀ ਹੈ।

2.2.7 ਯੋਗਤਾ ਦੀ ਪਰਖ : ਪ੍ਰਸ਼ਨਾਂ ਦੇ ਸੰਭਾਵੀ ਉੱਤਰ :

1. ਹੇਠਾਂ ਦਿੱਤੇ ਕਥਨਾਂ ਦਾ 'ਨਾਂਹ' ਜਾਂ 'ਹਾਂ' ਵਿੱਚ ਉੱਤਰ ਦਿਓ :
   ਵਿਭਕਤੀ ਕਾਰਕ ਦਾ ਦੂਜਾ ਨਾਂ ਹੈ।
   ਵਿਭਕਤੀ ਕਾਰਕ ਦੀ ਵਾਹਕ ਹੈ।
   ਪੰਜਾਬੀ ਵਿੱਚ ਕਾਰਕਾਂ ਦੀ ਗਿਣਤੀ ਛੇ ਹੈ।
   ਸੰਸਕ੍ਰਿਤ ਵਿੱਚ ਦਸ ਕਾਰਕ ਹਨ।
2. ਹੇਠ ਦਿੱਤੀਆਂ ਉਦਾਹਰਨਾਂ ਤੋਂ ਕਾਰਕਾਂ ਦੀ ਪਛਾਣ ਕਰੋ :
   ਬੱਚੇ ਨੇ ਸਕੂਲ ਜਾਣਾ ਹੈ।
   ਬੱਚੇ ਸਕੂਲੋਂ ਆ ਗਏ।
   ਬੱਚੇ ਸਕੂਲੀਂ ਚਲੇ ਗਏ।
   ਬੱਚਿਓ ਸਕੂਲ ਜਾਓ।
3. ਵਿਭਕਤੀਆਂ ਦੀ ਥਾਂ ਸੰਬੰਧਕਾਂ ਦੀ ਵਰਤੋਂ ਕਰੋ।
   ਈਂ ਪੈਰੀਂ
   ਏ ਘਰੇ
   ਥੋਂ ਤੈਥੋਂ
   ਇਓਂ ਸ਼ਹਿਓਂ
4. ਕਾਰਕ ਤੋਂ ਕੀ ਭਾਵ ਹੈ ? ਪੰਜਾਬੀ ਕਾਰਕ ਵਿਧਾਨ ਸੰਬੰਧੀ ਜਾਣਕਾਰੀ ਦਿਓ।
5. ਕਾਰਕ ਦੀ ਪਰਿਭਾਸ਼ਾ ਦੱਸੋ ਅਤੇ ਪੰਜਾਬੀ ਦੇ ਕਾਰਕੀ ਸੰਬੰਧਾਂ 'ਤੇ ਇਕ ਲੇਖ ਲਿਖੋ।
6. ਪੰਜਾਬੀ ਕਾਰਕਾਂ ਦੀ ਗਿਣਤੀ ਦੱਸੋ ਅਤੇ ਇਨ੍ਹਾਂ ਕਾਰਕਾਂ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿਓ।
7. ਕਾਰਕ ਅਤੇ ਵਿਭਕਤੀ ਵਿਚਲਾ ਅੰਤਰ ਸਪਸ਼ਟ ਕਰੋ ਅਤੇ ਪੰਜਾਬੀ ਕਾਰਕ-ਵਿਧਾਨ ਦੀ ਜਾਣਕਾਰੀ ਦਿਉ।
8. ਕਾਰਕ ਰਾਹੀਂ ਵਾਕ ਵਿੱਚ ਵਿਚਰ ਰਹੀਆਂ ਇਕਾਈਆਂ ਦੇ ਸੰਬੰਧਾਂ ਦੀ ਜਾਣਕਾਰੀ ਮਿਲਦੀ ਹੈ-ਚਰਚਾ ਕਰੋ।
9. ਪੰਜਾਬੀ ਦੇ ਕਾਰਕ ਸੰਬੰਧਾਂ ਦੀ ਪਛਾਣ ਦੇ ਕਿਹੜੇ ਆਧਾਰ ਹਨ ਉਦਾਹਰਣਾਂ ਸਹਿਤ ਜਾਣਕਾਰੀ ਦਿਓ।

ਪਾਠ ਨੰਬਰ : 2.3

ਵਿਆਕਰਣਕ ਵਰਗ

ਲਿੰਗ

ਨਾਂਵ ਦੀ ਪਹਿਚਾਣ ਦਾ ਇਕ ਆਧਾਰ ਲਿੰਗ ਹੈ।ਲਿੰਗ ਸਾਨੂੰ ਇਹ ਦਸਦਾ ਹੈ ਕਿ ਕੋਈ ਵਿਅਕਤੀ, ਵਸਤੂ ਆਦਿ ਇਸਤਰੀ ਹੈ ਜਾਂ ਪੁਰਸ਼। ਪੰਜਾਬੀ ਵਿਆਕਰਣ ਅਨੁਸਾਰ ਤਿੰਨ ਲਿੰਗ ਹਨ ਪਰੰਤੂ ਇਨ੍ਹਾਂ ਵਿਚੋਂ ਪਹਿਲੇ ਦੋਨਾਂ ਨੂੰ ਹੀ ਵਧੇਰੇ ਮਾਨਤਾ ਪ੍ਰਾਪਤ ਹੈ। ਇਹ ਤਿੰਨ ਲਿੰਗ ਨਿਮਨਲਿਖਿਤ ਅਨੁਸਾਰ ਹਨ:

ੳ) ਪੁਲਿੰਗ : ਪੁਰਸ਼ ਜਾਂ ਮਰਦ ਲਈ

ਅ) ਇਸਤਰੀ ਲਿੰਗ : ਇਸਤਰੀ ਜਾਂ ਔਰਤ ਲਈ

ੲ) ਨਿਪੁੰਸਕ ਲਿੰਗ : ਜਿਸ ਨੂੰ ਪੁਰਸ਼ ਜਾਂ ਇਸਤਰੀ, ਦਾ ਭੇਦ ਦਸੇ ਤੋਂ ਬਗੈਰ ਹੀ ਵਰਤਿਆ ਜਾ ਸਕਦਾ ਹੈ।

ਇਹ ਭੇਦ ਉਦਾਹਰਣਾਂ ਰਾਹੀਂ ਵਧੇਰੇ ਸਪਸ਼ਟ ਕੀਤੇ ਜਾ ਰਹੇ ਹਨ :ਪਿਤਾ, ਘੋੜਾ, ਤਰਖਾਣ, ਸਾਲਾ, ਸੁੱਚਾ ਸਿੰਘ, ਕੁਰਤਾ ਆਦਿ ਪੁਲਿੰਗ ਹਨ। ਮਾਂ, ਪਤਨੀ, ਘੋੜੀ, ਸਾਲੀ, ਕੰਘੀ, ਧੀ, ਕੁਲਵੰਤ ਕੌਰ ਆਦਿ ਇਸਤਰੀ ਲਿੰਗ ਹਨ। ਜਦੋਂ ਕਿ ਪੰਛੀ, ਵਿਦਿਆਰਥੀ ਬੱਚਾ ਆਦਿ ਸ਼ਬਦ ਨਿਪੁੰਸਕ ਲਿੰਗ ਹਨ ਕਿਉਂਕਿ ਇਹਨਾਂ ਦੇ ਪ੍ਰਯੋਗ ਤੋਂ ਪਤਾ ਨਹੀਂ ਲਗਦਾ ਕਿ ਪੰਛੀ ਨਰ ਹਨ ਜਾਂ ਮਾਦਾ, ਵਿਦਿਆਰਥੀ ਅਤੇ ਬੱਚੇ ਕੁੜੀਆਂ ਹਨ ਜਾਂ ਮੁੰਡੇ।

ਪੁਲਿੰਗ ਸ਼ਬਦਾਂ ਤੋਂ ਇਸਤਰੀ ਲਿੰਗ ਅਤੇ ਇਸਤਰੀ ਲਿੰਗ ਸ਼ਬਦਾਂ ਤੋਂ ਪੁਲਿੰਗ ਸ਼ਬਦ ਬਣਾਏ ਜਾ ਸਕਦੇ ਹਨ। ਪੁਲਿੰਗ ਸ਼ਬਦਾਂ ਤੋਂ ਇਸਤਰੀ ਲਿੰਗ ਸ਼ਬਦ ਬਣਾਉਣ ਦੇ ਕੁਝ ਨਿਯਮ ਹਨ ਜਿਨ੍ਹਾਂ ਬਾਰੇ ਅਸੀਂ ਤੁਹਾਨੂੰ ਉਦਾਹਰਣਾਂ ਸਾਹਿਤ ਦਸਾਂਗੇ।

ੳ) ਅਜਿਹੇ ਪੁਲਿੰਗ ਸ਼ਬਦ ਜਿਨ੍ਹਾਂ ਦੇ ਅੰਤ ਵਿੱਚ ਕੋਈ ਮੁਕਤਾ ਅੱਖਰ (ਅਜਿਹਾ ਅੱਖਰ ਜਿਸ ਨਾਲ ਕੋਈ ਮਾਤਰਾ ਨਾ ਲੱਗੀ ਹੋਵੇ, ਮੁਕਤਾ ਅਖਵਾਉਂਦਾ ਹੈ) ਹੋਵੇ ਤਾਂ ਉਸ ਨਾਲ ਕੰਨਾ, ਬਿਹਾਰੀ, ਣ, ਨੀ, ਣੀ, ਆਣੀ ਜਾਂ ੜੀ ਜੋੜ ਕੇ ਇਸਤਰੀ ਲਿੰਗ ਸ਼ਬਦ ਬਣਾਏ ਜਾਂਦੇ ਹਨ ਜਿਵੇਂ ਕਿ :

ਪੁਲਿੰਗ	**ਇਸਤਰੀ ਲਿੰਗ**
ਸ਼ੇਰ	ਸ਼ੇਰਨੀ
ਹਿਰਨ	ਹਿਰਨੀ
ਬਾਲ	ਬਾਲੜੀ
ਵਕੀਲ	ਵਕੀਲਣੀ
ਮਾਸਟਰ	ਮਾਸਟਰਨੀ
ਦਾਸ	ਦਾਸੀ
ਸੰਤ	ਸੰਤਣੀ
ਸੰਦੂਕ	ਸੰਦੂਕੜੀ
ਜੇਠ	ਜੇਠਾਣੀ
ਪੰਡਤ	ਪੰਡਤਾਣੀ
ਮਾਲਕ	ਮਾਲਕਣ

ਨੌਕਰ	ਨੌਕਰਾਣੀ

ਅ) ਜਿਹੜੇ ਪੁਲਿੰਗ ਸ਼ਬਦਾਂ ਦੇ ਅੰਤ ਵਿੱਚ ਕੰਨਾ ਹੋਵੇ, ਉਨ੍ਹਾਂ ਦੇ ਇਸਤਰੀ ਲਿੰਗ ਸ਼ਬਦ ਬਣਾਉਣ ਲੱਗਿਆਂ ਆਮ ਤੱਤ ਤੇ ਬਿਹਾਰੀ, ਣ ਜਾਂ ਨ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਵੇਂ ਕਿ

ਪੁਲਿੰਗ	**ਇਸਤਰੀ ਲਿੰਗ**
ਦਾਦਾ	ਦਾਦੀ
ਚਾਚਾ	ਚਾਚੀ
ਮਾਮਾ	ਮਾਮੀ
ਘੋੜਾ	ਘੋੜੀ
ਕੁੱਤਾ	ਕੁੱਤੀ
ਖੋਤਾ	ਖੋਤੀ
ਚਿੜਾ	ਚਿੜੀ
ਸਪੇਰਾ	ਸਪੇਰਨ
ਭਾਪਾ	ਭਾਪਣ
ਕਾਕਾ	ਕਾਕੀ
ਬੱਚਾ	ਬੱਚੀ
ਕਾਲਾ	ਕਾਲੀ
ਚਿੱਟਾ	ਚਿੱਟੀ
ਪੀਲਾ	ਪੀਲੀ
ਬੰਦਾ	ਬੰਦੀ
ਲੜਕਾ	ਲੜਕੀ

ੲ) ਕਈ ਇਸਤਰੀ ਲਿੰਗ ਅਤੇ ਪੁਲਿੰਗ ਸ਼ਬਦ ਇਕ ਦੂਜੇ ਤੋਂ ਇੰਨੇ ਭਿੰਨ ਹਨ ਕਿ ਇਨ੍ਹਾਂ ਸੰਬੰਧੀ ਕੋਈ ਨਿਯਮ ਨਹੀਂ ਘੜਿਆ ਜਾ ਸਕਦਾ। ਉਦਾਹਰਣ ਲਈ ਹੇਠ ਲਿਖੇ ਸ਼ਬਦ ਵੇਖੋਂ :

ਪੁਲਿੰਗ	**ਇਸਤਰੀ ਲਿੰਗ**
ਮੁੰਡਾ	ਕੁੜੀ
ਪਤੀ	ਪਤਨੀ
ਪਿਉ	ਮਾਂ
ਜਵਾਈ	ਧੀ
ਭਰਾ	ਭਰਜਾਈ
ਪੁੱਤਰ	ਨੂੰਹ
ਪੁਰਸ਼	ਇਸਤਰੀ
ਮਰਦ	ਔਰਤ

ਸ) ਕੁਝ ਅਜਿਹੇ ਸ਼ਬਦ ਹਨ ਜਿਨ੍ਹਾਂ ਦੀ ਵਰਤੋਂ ਹਮੇਸ਼ਾ ਪੁਲਿੰਗ ਰੂਪ ਵਿਚ ਹੀ ਕੀਤੀ ਜਾਂਦੀ ਹੈ। ਇਨ੍ਹਾਂ ਦਾ ਇਸਤਰੀ ਲਿੰਗ ਨਹੀਂ ਹੁੰਦਾ ਜਿਵੇਂ ਕਿ ਪਿਆਰ, ਹੰਕਾਰ, ਪਿੱਤਲ, ਪਾਣੀ, ਤੇਲ, ਗੁੱਸਾ, ਬੁਢਾਪਾ, ਫਰਜ਼, ਮੀਂਹ ਚੰਨ, ਸ਼ਰਬਤ, ਸੂਰਜ, ਸੋਨਾ, ਆਕਾਸ਼, ਭੂਚਾਲ, ਘਿਓ, ਝਗੜਾ ਆਦਿ।

ਹ) ਇਸੇ ਤਰ੍ਹਾਂ ਹੀ ਕੁਝ ਅਜਿਹੇ ਸ਼ਬਦ ਵੀ ਹਨ ਜਿਹੜੇ ਹਮੇਸ਼ਾ ਇਸਤਰੀ ਲਿੰਗ ਰੂਪ ਵਿਚ ਹੀ ਵਰਤੇ ਜਾਂਦੇ ਹਨ, ਇਨ੍ਹਾਂ ਦਾ ਪੁਲਿੰਗ ਨਹੀਂ ਹੁੰਦਾ ਜਿਵੇਂ ਕਿ ਫ਼ਜ਼, ਸੈਨਾ, ਹਵਾ, ਜਮਾਤ, ਅੱਗ, ਮਿੱਟੀ, ਲੜਾਈ, ਰੇਤ, ਚਾਂਦੀ, ਬਹਾਦਰੀ, ਸੇਵਾ, ਸਫਾਈ, ਧਰਤੀ, ਸ਼ਾਂਤੀ, ਮਿਠਾਸ, ਕੁੜੱਤਣ, ਲੱਸੀ ਆਦਿ।

ਕ) ਪੰਜਾਬੀ ਵਿਚ ਕਈ ਅਜਿਹੇ ਸ਼ਬਦ ਵੀ ਹਨ ਜਿਹੜੇ ਪੁਲਿੰਗ ਅਤੇ ਇਸਤਰੀ ਲਿੰਗ ਦੋਹਾਂ ਰੂਪਾਂ ਵਿਚ ਹੀ ਵਰਤੇ ਜਾਂਦੇ ਹਨ ਜਿਵੇਂ ਕਿ ਵਿਚਾਰ, ਮੇਜ਼, ਚਰਚਾ ਆਦਿ। ਇਹ ਗੱਲ ਉਦਾਹਰਣਾਂ ਤੋਂ ਵਧੇਰੇ ਸਪੱਸ਼ਟ ਹੋ ਜਾਵੇਗੀ :

1. ਉੱਥੇ ਵਿਚਾਰ ਕੀਤਾ ਗਿਆ/ਉੱਥੇ ਵਿਚਾਰ ਕੀਤੀ ਗਈ।

2. ਮੇਜ਼ ਪਿਆ ਹੈ/ਮੇਜ਼ ਪਈ ਹੈ।

3. ਇਸ ਗੱਲ ਦਾ ਬੜਾ ਚਰਚਾ ਹੈ/ਇਸ ਗੱਲ ਦੀ ਬੜੀ ਚਰਚਾ ਹੈ।

ਵਚਨ

ਨਾਂਵ ਦੀ ਪਹਿਚਾਣ ਵਚਨ ਰਾਹੀਂ 'ਵੀ' ਹੁੰਦੀ ਹੈ' ਸ਼ਬਦ ਦਾ ਉਹ ਰੂਪ 'ਵਚਨ' ਅਖਵਾਉਂਦਾ ਹੈ ਜਿਹੜਾ ਕਿਸੇ ਵਿਅਕਤੀ, ਜੀਵ ਜਾਂ ਵਸਤੂ ਦੀ ਸੰਖਿਆ ਬਾਰੇ ਸੰਕੇਤ ਕਰੇ। ਪੰਜਾਬੀ ਵਿਚ ਵਚਨ ਦੋ ਪ੍ਰਕਾਰ ਦੇ ਹਨ:

ੳ) ਇਕ ਵਚਨ : ਜਿਸ ਸ਼ਬਦ ਤੋਂ ਕਿਸੇ ਇਕ ਵਿਅਕਤੀ ਜਾਂ ਵਸਤੂ ਦਾ ਬੋਧ ਹੋਵੇ ਉਹ ਇਕ ਵਚਨ ਅਖਵਾਉਂਦਾ ਹੈ ਜਿਵੇਂ ਕਿ ਕੁਰਸੀ, ਦਵਾਤ, ਖੋਤਾ, ਬੱਕਰੀ, ਪੁਰਸ਼, ਇਸਤਰੀ, ਤੀਵੀਂ, ਬੰਦਾ ਆਦਿ

ਅ) ਬਹੁਵਚਨ : ਜਿਸ ਸ਼ਬਦ ਤੋਂ ਦੋ ਜਾਂ ਦੋ ਤੋਂ ਵਧੇਰੇ ਵਿਅਕਤੀਆਂ ਦਾ, ਵਸਤੂਆਂ ਦਾ ਬੋਧ ਹੋਵੇ ਉਹ ਬਹੁ ਵਚਨ ਅਖਵਾਉਂਦਾ ਹੈ ਜਿਵੇਂ ਕਿ ਕੁਰਸੀਆਂ, ਦਵਾਤਾਂ, ਖੋਤੇ, ਬੱਕਰੀਆਂ, ਪੁਰਸ਼ਾਂ, ਇਸਤਰੀਆਂ, ਤੀਵੀਆਂ, ਬੰਦੇ ਆਦਿ।

ਪੰਜਾਬੀ ਵਿਚ ਇਕ ਵਚਨ ਤੋਂ ਬਹੁ ਵਚਨ ਬਣਾਉਣ ਦੇ ਕੁਝ ਨਿਯਮ ਹਨ। ਇਨ੍ਹਾਂ ਬਾਰੇ ਸੰਖੇਪ ਜਾਣਕਾਰੀ ਨਿਮਨਲਿਖਿਤ ਅਨੁਸਾਰ ਹੈ:

1. ਅਜਿਹੇ ਪੁਲਿੰਗ ਇਕਵਚਨ ਸ਼ਬਦਾਂ, ਜਿਨ੍ਹਾਂ ਦੇ ਅੰਤ ਵਿੱਚ ਕੰਨਾ ਆਵੇ, ਦਾ ਬਹੁਵਚਨ ਕੰਨੇ ਦੀ ਥਾਂ ਲਗਾਕੇ ਬਣਾਇਆ ਜਾਂਦਾ ਹੈ।

ਉਦਾਹਰਣ ਵਜੋਂ

ਇਕ ਵਚਨ	**ਬਹੁ ਵਚਨ**
ਰਾਜਾ	ਰਾਜੇ
ਲੜਕਾ	ਲੜਕੇ
ਮੁੰਡਾ	ਮੁੰਡੇ
ਬੰਦਾ	ਬੰਦੇ
ਘੋੜਾ	ਘੋੜੇ
ਗਧਾ	ਗਧੇ
ਗੱਡਾ	ਗੱਡੇ
ਸਾਕਾ	ਸਾਕੇ
ਸਾਲਾ	ਸਾਲੇ
ਚਾਚਾ	ਚਾਚੇ
ਮਾਮਾ	ਮਾਮੇ
ਡੰਡਾ	ਡੰਡੇ

2. ਇਕ ਵਚਨ ਇਸਤਰੀ ਲਿੰਗ ਸ਼ਬਦਾਂ ਦੇ ਪਿਛੇ ਆਂ ਜਾਂ ਵਾਂ ਲਗਾਕੇ ਬਹੁਵਚਨ ਬਣਾਇਆ ਗਿਆ ਹੈ। ਜਿਵੇਂ ਕਿ

ਇਕ ਵਚਨ	**ਬਹੁਵਚਨ**
ਕੁੜੀ	ਕੁੜੀਆਂ
ਲੜਕੀ	ਲੜਕੀਆਂ
ਧੀ	ਧੀਆਂ
ਧੋਬਣ	ਧੋਬਣਾਂ
ਕਵਿਤਾ	ਕਵਿਤਾਵਾਂ
ਮੁੰਨੀ	ਮੁੰਨੀਆਂ
ਗਲੀ	ਗਲੀਆਂ
ਕਥਾ	ਕਥਾਵਾਂ
ਬਲਾ	ਬਲਾਵਾਂ
ਅੱਗ	ਅੱਗਾਂ
ਥਾਂ	ਥਾਵਾਂ
ਮਾਂ	ਮਾਂਵਾਂ
ਗਾਂ	ਗਾਂਵਾਂ
ਨਦੀ	ਨਦੀਆਂ

ਨੋਟ : ਇਹ ਵਿਧੀ ਕਈ ਵਾਰੀ ਇਕ ਵਚਨ ਪੁਲਿੰਗ ਸ਼ਬਦਾਂ ਤੋਂ ਬਹੁਵਚਨ ਬਣਾਉਣ ਲਈ ਵੀ ਵਰਤੀ ਜਾਂਦੀ ਹੈ ਜਿਵੇਂ ਕਿ :

ਇਕ ਵਚਨ	**ਬਹੁਵਚਨ**
ਸਕੂਲ	ਸਕੂਲਾਂ
ਟੱਬਰ	ਟੱਬਰਾਂ
ਦਰਿਆ	ਦਰਿਆਵਾਂ
ਸਮੁੰਦਰ	ਸਮੁੰਦਰਾਂ
ਪਤੀ	ਪਤੀਆਂ
ਧੋਬੀ	ਧੋਬੀਆਂ
ਕਲਰਕ	ਕਲਰਕਾਂ
ਮੇਜ਼	ਮੇਜ਼ਾਂ
ਸੰਤ	ਸੰਤਾਂ
ਭਗਤ	ਭਗਤਾਂ
ਠੱਗ	ਠੱਗਾਂ
ਕਾਲ	ਕਾਲਾਂ

3. ਇਕ ਵਚਨ ਤੋਂ ਬਹੁਵਚਨ ਬਣਾਉਣ ਦੇ ਨਿਯਮਾਂ ਵਿਚ ਕਈ ਥਾਈਂ ਅਪਵਾਦ ਵੀ ਹਨ ਇਸ ਲਈ ਇਸ ਬਾਰੇ ਸਹੀ ਗਿਆਨ ਤਾਂ ਤੁਹਾਨੂੰ ਅਭਿਆਸ ਰਾਹੀਂ ਹੀ ਹੋ ਸਕਦਾ ਹੈ।

ਵਾਚ

ਲਿੰਗ, ਵਚਨ ਤੇ ਪੁਰਖ ਦੇ ਆਧਾਰ ਤੇ ਕਿਰਿਆ ਦੇ ਕਰਤਾ ਜਾਂ ਕਰਮ ਨਾਲ ਸੰਬੰਧ ਦਾ ਨਾਂ ਵਾਚ ਹੈ। ਜਦੋਂ ਕੋਈ ਕਿਰਿਆ ਲਿੰਗ ਵਚਨ ਤੇ ਪੁਰਖ ਕਰਕੇ ਆਪਣੇ ਕਰਤਾ ਅਨੁਸਾਰ ਹੋਵੇ ਜਾਂ ਕਿਰਿਆ ਦਾ ਵਿਸ਼ਾ ਉਸ ਦਾ ਕਰਤਾ ਹੋਵੇ ਉਸਨੂੰ ਕਰਤਰੀ ਵਾਚ ਕਹਿੰਦੇ ਹਨ ਅਤੇ ਜਿਸ ਦਾ ਵਿਸ਼ਾ ਕਰਮ ਹੋਵੇ ਉਸ ਨੂੰ ਕਰਮਣੀ ਵਾਚ ਕਹਿੰਦੇ ਹਨ। 'ਕਰਤਰੀ ਵਾਚ' ਤੋਂ 'ਕਰਮਣੀ ਵਾਚ' ਅਤੇ 'ਕਰਮਣੀ ਵਾਚ' ਤੋਂ 'ਕਰਤਰੀ ਵਾਚ' ਕੇਵਲ ਸਕਰਮਕ ਕਿਰਿਆ ਦੀ ਹੀ ਬਣਾਈ ਜਾਂਦੀ ਹੈ ਜਿਵੇਂ ਕਿ :

ਕਰਤਰੀ ਵਾਚ	ਕਰਮਣੀ ਵਾਚ
ਸੀਤਾ ਚਿੱਠੀ ਲਿਖਦੀ ਸੀ	ਚਿੱਠੀ ਸੀਤਾ ਦੁਆਰਾ ਲਿਖੀ ਜਾਂਦੀ ਸੀ

ਪੰਜਾਬੀ ਭਾਸ਼ਾ ਵਿੱਚ ਦ ਵਾਚ ਹਨ-ਕਰਤਰੀ ਵਾਚ ਤੇ ਕਰਮਣੀ ਵਾਚ।ਕਰਤਰੀ ਵਾਚ ਤੇ ਕਰਮਣੀ ਵਾਚ ਦ ਅਜਿਹੀਆਂ ਬਣਤਰਾਂ ਹਨ ਜ ਵਾਕ ਦੀ ਪੱਧਰ ਤੇ ਵੱਖ ਹੁੰਦੀਆਂ ਵੀ ਅਰਥ ਦੀ ਪੱਧਰ ਤੇ ਇੱਕ ਸਮਾਨ ਹਨ। ਭਾਸ਼ਾ ਵਿੱਚ ਜਦ ਕਰਤਾ ਦੀ ਭੂਮਿਕਾ ਮੁੱਖ ਰੱਖਣੀ ਹਵੇ ਤਾਂ ਕਰਤਰੀ ਵਾਚ ਅਤੇ ਜਦ ਕਰਮ ਦੀ ਭੂਮਿਕਾ ਮੁੱਖ ਰੱਖਣੀ ਹਵੇ ਤਾਂ ਕਰਮਣੀ ਵਾਚ ਦੀ ਵਰਤ ਕੀਤੀ ਜਾਂਦੀ ਹੈ।ਦ

ਕਾਲ

ਜਿਸ ਸਮੇਂ ਵਿੱਚ ਕਿਰਿਆ ਦਾ ਕੰਮ ਕੀਤਾ ਜਾਵੇ, ਉਸ ਨੂੰ ਕਾਲ ਕਿਹਾ ਜਾਂਦਾ ਹੈ। ਕਾਲ ਤਿੰਨ ਪ੍ਰਕਾਰ ਦੇ ਹੁੰਦੇ ਹਨ:

ੳ) ਵਰਤਮਾਨ ਕਾਲ : ਜਦੋਂ ਕਿਸੇ ਕਿਰਿਆ ਦਾ ਕੰਮ ਹੁਣ ਦੇ ਚਾਲੂ ਸਮੇਂ ਵਿੱਚ ਹੋਵੇ ਤਾਂ ਉਸ ਸਮੇਂ ਨੂੰ ਵਰਤਮਾਨ ਕਿਹਾ ਜਾਂਦਾ ਹੈ ਜਿਵੇਂ : ਮੈਂ ਕੰਮ ਕਰ ਰਿਹਾ ਹਾਂ।

ਅ) ਭੂਤ ਕਾਲ : ਜਦੋਂ ਕਿਸੇ ਕਿਰਿਆ ਦਾ ਕੰਮ ਬੀਤ ਚੁਕੇ ਸਮੇਂ ਵਿਚ ਹੋਇਆ ਹੋਵੇ ਤਾਂ ਉਸ ਸਮੇਂ ਨੂੰ ਭੂਤ ਕਾਲ ਆਖਿਆਂ ਜਾਂਦਾ ਹੈ ਜਿਵੇਂ ਮੈਂ ਕੰਮ ਕੀਤਾ।

ੲ) ਭਵਿਖਤ ਕਾਲ : ਜਦੋਂ ਕਿਸੇ ਕਿਰਿਆ ਦਾ ਕੰਮ ਆਉਣ ਵਾਲੇ ਸਮੇਂ ਵਿੱਚ ਹੋਣਾ ਹੋਵੇ ਤਾਂ ਉਸ ਸਮੇਂ ਨੂੰ ਭਵਿਖਤ ਕਾਲ ਕਿਹਾ ਜਾਂਦਾ ਹੈ ਜਿਵੇਂ ਕਿ ਮੈਂ ਕੰਮ ਕਰਾਂਗਾ।

ਪੰਛਜਾਬੀ ਦੇ ਹਰ ਪ੍ਰਕਾਰ ਦੇ ਕਾਲ ਦੇ ਵਾਕਾਂ ਦਾ ਪ੍ਰਯੋਗ ਕਾਲ ਸੰਬੰਧੀ ਵਾਕ ਰਚਨਾ ਦਾ ਗਿਆਨ ਪ੍ਰਾਪਤ ਕਰਨਾ ਜ਼ਰੂਰੀ ਹੈ ਜਿਵੇਂ ਕਿ :

ਵਰਤਮਾਨ ਕਾਲ (ਉੱਤਮ ਪੁਰਖ)		
ਕਾਲ	**ਇਕ ਵਚਨ**	**ਬਹੁ ਵਚਨ**
ਅਨਿਸ਼ਚਿਤ ਵਰਤਮਾਨ	ਮੈਂ ਪੜ੍ਹਦਾ ਹਾਂ ਮੈਂ ਪੜ੍ਹਦਾ ਨਹੀਂ ਹਾਂ ਕੀ ਮੈਂ ਪੜ੍ਹਦਾ ਹਾਂ?	ਅਸੀਂ ਪੜ੍ਹਦੇ ਹਾਂ। ਅਸੀਂ ਨਹੀਂ ਪੜ੍ਹਦੇ ਹਾਂ। ਕੀ ਅਸੀਂ ਪੜ੍ਹਦੇ ਹਾਂ?
ਚਾਲੂ ਵਰਤਮਾਨ	ਮੈਂ ਪੜ੍ਹ ਰਿਹਾ ਹਾਂ ਮੈਂ ਪੜ੍ਹ ਨਹੀਂ ਰਿਹਾ ਹਾਂ ਕੀ ਮੈਂ ਪੜ੍ਹ ਰਿਹਾ ਹਾਂ?	ਅਸੀਂ ਪੜ੍ਹ ਰਹੇ ਹਾਂ। ਅਸੀਂ ਨਹੀਂ ਪੜ੍ਹ ਰਹੇ ਹਾਂ? ਕੀ ਅਸੀਂ ਪੜ੍ਹ ਰਹੇ ਹਾਂ?
ਪੂਰਨ ਵਰਤਮਾਨ	ਮੈਂ ਪੜ੍ਹਿਆ ਹੈ। ਮੈਂ ਪੜ੍ਹ ਲਿਆ ਹੈ। ਕੀ ਮੈਂ ਪੜ੍ਹਿਆ ਹੈ?	ਅਸੀਂ ਪੜ੍ਹਿਆ ਹੈ। ਅਸੀਂ ਪੜ੍ਹ ਲਿਆ ਹੈ। ਕੀ ਅਸੀਂ ਪੜ੍ਹਿਆ ਹੈ?

ਚਾਲੂ ਪੂਰਨ ਵਰਤਮਾਨ	ਮੈਂ ਪੜ੍ਹਦਾ ਰਿਹਾ ਹਾਂ ਮੈਂ ਪੜ੍ਹਦਾ ਨਹੀਂ ਰਿਹਾ ਹਾਂ ਕੀ ਮੈਂ ਪੜ੍ਹਦਾ ਰਿਹਾ ਹਾਂ?	ਅਸੀਂ ਪੜ੍ਹਦੇ ਰਹੇ ਹਾਂ। ਅਸੀਂ ਪੜ੍ਹਦੇ ਨਹੀਂ ਰਹੇ ਹਾਂ। ਕੀ ਅਸੀਂ ਪੜ੍ਹਦੇ ਰਹੇ ਹਾਂ?
ਵਰਤਮਾਨ ਕਾਲ (ਮੱਧਮ ਪੁਰਖ)		
ਕਾਲ	**ਇਕ ਵਚਨ**	**ਬਹੁ–ਵਚਨ**
ਅਨਿਸ਼ਚਿਤ ਵਰਤਮਾਨ	ਤੂੰ ਪੜ੍ਹਦਾ ਹੈ ਤੂੰ ਪੜ੍ਹਦਾ ਨਹੀਂ ਹੈ	ਤੁਸੀਂ ਪੜ੍ਹਦੇ ਹੋ। ਤੁਸੀਂ ਪੜ੍ਹਦੇ ਨਹੀਂ ਹੋ।
ਚਾਲੂ ਵਰਤਮਾਨ	ਤੂੰ ਪੜ੍ਹ ਰਿਹਾ ਹੈ ਕੀ ਤੂੰ ਪੜ੍ਹ ਨਹੀਂ ਰਿਹਾ ਹੈ?	ਤੁਸੀਂ ਪੜ੍ਹ ਰਹੇ ਹੋ। ਕੀ ਤੁਸੀਂ ਪੜ੍ਹ ਨਹੀਂ ਰਹੇ ਹੋ?
ਪੂਰਨ ਵਰਤਮਾਨ	ਤੂੰ ਪੜ੍ਹ ਲਿਆ ਹੈ ਤੂੰ ਪੜ੍ਹਿਆ ਨਹੀਂ ਹੈ	ਤੁਸੀਂ ਪੜ੍ਹ ਲਿਆ ਹੈ। ਤੁਸੀਂ ਪੜ੍ਹਿਆ ਨਹੀਂ ਹੈ।
ਪੂਰਨ ਚਾਲੂ ਵਰਤਮਾਨ	ਤੂੰ ਪੜ੍ਹਦਾ ਰਿਹਾ ਹੈ ਕੀ ਤੂੰ ਪੜ੍ਹਦਾ ਨਹੀਂ ਰਿਹਾ ਹੈ?	ਤੁਸੀਂ ਪੜ੍ਹਦੇ ਰਹੇ ਹੋ। ਕੀ ਤੁਸੀਂ ਪੜ੍ਹਦੇ ਨਹੀਂ ਰਹੇ ਹੋ।
ਵਰਤਮਾਨ ਕਾਲ (ਅਨਯ ਪੁਰਖ)		
ਕਾਲ	**ਇਕ ਵਚਨ**	**ਬਹੁ ਵਚਨ**
ਅਨਿਸ਼ਚਿਤ ਵਰਤਮਾਨ	ਉਹ ਪੜ੍ਹਦਾ ਹੈ	ਉਹ ਪੜ੍ਹਦੇ ਹਨ।
ਚਾਲੂ ਵਰਤਮਾਨ	ਉਹ ਪੜ੍ਹ ਰਿਹਾ ਹੈ	ਉਹ ਪੜ੍ਹ ਰਹੇ ਹਨ।
ਪੂਰਨ ਵਰਤਮਾਨ	ਉਸ ਨੇ ਪੜ੍ਹ ਲਿਆ	ਉਨ੍ਹਾਂ ਨੇ ਪੜ੍ਹ ਲਿਆ ਹੈ।
ਪੂਰਨ ਚਾਲੂ ਵਰਤਮਾਨ	ਉਹ ਪੜ੍ਹਦਾ ਰਿਹਾ ਹੈ	ਉਹ ਪੜ੍ਹਦੇ ਰਹੇ ਹਨ।
ਭੂਤਕਾਲ (ਉੱਤਮ ਪੁਰਖ)		
ਕਾਲ	**ਇਕ ਵਚਨ**	**ਬਹੁ ਵਚਨ**
ਅਨਿਸ਼ਚਿਤ ਭੂਤ	ਮੈਂ ਪੜ੍ਹਿਆ ਮੈਂ ਨਹੀਂ ਪੜ੍ਹਿਆ ਕੀ ਮੈਂ ਪੜ੍ਹਿਆ	ਅਸੀਂ ਪੜ੍ਹਿਆ ਅਸੀਂ ਨਹੀਂ ਪੜ੍ਹਿਆ। ਕੀ ਅਸੀਂ ਪੜ੍ਹਿਆ।
ਚਾਲੂ ਭੂਤ	ਮੈਂ ਪੜ੍ਹ ਰਿਹਾ ਸੀ।	ਅਸੀਂ ਪੜ੍ਹ ਰਹੇ ਸੀ।
ਪੂਰਣ ਭੂਤ	ਮੈਂ ਪੜ੍ਹਿਆ ਸੀ।	ਅਸੀਂ ਪੜ੍ਹਿਆ ਸੀ।
ਪੂਰਣ ਚਾਲੂ ਭੂਤ	ਮੈਂ ਪੜ੍ਹਦਾ ਰਿਹਾ ਸੀ ਕੀ ਮੈਂ ਪੜ੍ਹਿਆ ਸੀ	ਅਸੀਂ ਪੜ੍ਹਦੇ ਰਹੇ ਸੀ। ਕੀ ਅਸੀਂ ਪੜ੍ਹਿਆ ਸੀ।
ਭੂਤਕਾਲ (ਮੱਧਮ ਪੁਰਖ)		
ਕਾਲ	**ਇਕ ਵਚਨ**	**ਬਹੁ ਵਚਨ**
ਅਨਿਸ਼ਚਿਤ ਭੂਤ	ਤੂੰ ਪੜ੍ਹਿਆ	ਤੁਸੀਂ ਪੜ੍ਹਿਆ।
ਚਾਲੂ ਭੂਤ	ਤੂੰ ਪੜ੍ਹ ਰਿਹਾ ਸੀ	ਤੁਸੀਂ ਪੜ੍ਹ ਰਹੇ ਸੀ।
ਪੂਰਣ ਭੂਤ	ਤੂੰ ਪੜ੍ਹਿਆ ਸੀ	ਤੁਸੀਂ ਪੜ੍ਹਦੇ ਸੀ।

ਪੂਰਣ ਚਾਲੂ ਭੂਤ	ਤੂੰ ਪੜ੍ਹਦਾ ਰਿਹਾ ਸੀ	ਤੁਸੀਂ ਪੜ੍ਹਦੇ ਰਹੇ ਸੀ।
ਭੂਤ ਕਾਲ (ਅਨਯ ਪੁਰਖ)		
ਕਾਲ	**ਇਕ ਵਚਨ**	**ਬਹੁ–ਵਚਨ**
ਅਨਿਸ਼ਚਿਤ ਕਾਲ	ਉਸ ਨੇ ਪੜ੍ਹਿਆ	ਉਨ੍ਹਾਂ ਨੇ ਪੜ੍ਹਿਆ
ਚਾਲੂ ਭੂਤ	ਉਹ ਪੜ੍ਹ ਰਿਹਾ ਸੀ	ਉਹ ਪੜ੍ਹ ਰਹੇ ਸਨ।
ਪੂਰਣ ਭੂਤ	ਉਸ ਨੇ ਪੜ੍ਹਿਆ ਸੀ	ਉਨ੍ਹਾ ਨੇ ਪੜ੍ਹਿਆ ਸੀ।
ਪੂਰਣ ਚਾਲੂ ਭੂਤ	ਉਹ ਪੜ੍ਹਦਾ ਰਿਹਾ ਸੀ	ਉਹ ਪੜ੍ਹਦੇ ਰਹੇ ਸਨ।
ਭਵਿੱਖ ਕਾਲ (ਉੱਤਮ ਪੁਰਖ)		
ਕਾਲ	**ਇਕ ਵਚਨ**	**ਬਹੁ–ਵਚਨ**
ਅਨਿਸ਼ਚਿਤ ਭਰਿਖ	ਮੇਂ ਪੜ੍ਹਾਂਗਾ	ਅਸੀਂ ਪੜ੍ਹਾਂਗੇ।
ਚਾਲੂ ਭਵਿਖ	ਮੈਂ ਪੜ੍ਹ ਰਿਹਾ ਹੋਵਾਂਗਾ	ਅਸੀਂ ਪੜ੍ਹ ਰਹੇ ਹੋਵਾਂਗੇ।
ਚਾਲੂ ਪੂਰਣ ਭਵਿਖ	ਮੈਂ ਪੜ੍ਹਦਾ ਰਿਹਾ ਹੋਵਾਂਗਾ	ਅਸੀਂ ਪੜ੍ਹਦੇ ਰਹੇ ਹੋਵਾਂਗੇ।
ਭਵਿੱਖ ਕਾਲ (ਮੱਧਮ ਪੁਰਖ)		
ਥਾਲ	**ਇਕ ਵਚਨ**	**ਬਹੁ–ਵਚਨ**
ਅਨਿਸ਼ਚਿਤ ਕਾਲ	ਤੂੰ ਪੜ੍ਹੇਗਾ	ਤੁਸੀਂ ਪੜ੍ਹੋਗੇ
ਚਾਲੂ ਭੂਤ	ਤੂੰ ਪੜ੍ਹ ਰਿਹਾ ਹੋਵੇਗਾ	ਤੁਸੀਂ ਪੜ੍ਹ ਰਹੇ ਹੋਵਾਂਗੇ
ਪੂਰਣ ਭੂਤ	ਤੂੰ ਪੜ੍ਹ ਚੁਕਿਆ ਹੋਵੇਗਾ	ਤੁਸੀਂ ਪੜ੍ਹ ਚੁਕੇ ਹੋਵਾਂਗੇ
ਪੂਰਣ ਚਾਲੂ ਭੂਤ	ਤੂੰ ਪੜ੍ਹਦਾ ਰਿਹਾ ਹੋਵੇਗਾ ਉਹ ਪੜ੍ਹਦਾ ਨਹੀਂ ਰਿਹਾ ਹੋਵੇਗਾ ਕੀ ਉਹ ਪੜ੍ਹਦਾ ਰਿਹਾ ਹੋਵੇਗਾ?	ਤੁਸੀਂ ਪੜ੍ਹਦੇ ਰਹੇ ਹੋਵਾਂਗੇ ਉਹ ਪੜ੍ਹਦੇ ਨਹੀਂ ਰਹੇ ਹੋਣਗੇ। ਕੀ ਉਹ ਪੜ੍ਹਦੇ ਰਹੇ ਹੋਣਗੇ?
ਭਵਿੱਖ ਕਾਲ (ਅਨਯ ਪੁਰਖ)		
ਥਾਲ	**ਇਕ ਵਚਨ**	**ਬਹੁ–ਵਚਨ**
ਅਨਿਸ਼ਚਿਤ ਕਾਲ	ਉਹ ਪੜ੍ਹੇਗਾ	ਉਹ ਪੜ੍ਹਨਗੇ।
ਚਾਲੂ ਭੂਤ	ਉਹ ਪੜ੍ਹ ਰਿਹਾ ਹੋਵੇਗਾ	ਉਹ ਪੜ੍ਹ ਰਹੇ ਹੋਣਗੇ
ਪੂਰਣ ਭੂਤ	ਉਹ ਪੜ੍ਹ ਚੁਕਿਆ ਹੋਵੇਗਾ	ਉਹ ਪੜ੍ਹ ਚੁਕੇ ਹੋਣਗੇ
ਪੂਰਣ ਚਾਲੂ ਭੂਤ	ਉਹ ਪੜ੍ਹਦਾ ਰਿਹਾ ਹੋਵੇਗਾ ਉਹ ਪੜ੍ਹਦਾ ਨਹੀਂ ਰਿਹਾ ਹੋਵੇਗਾ? ਕੀ ਉਹ ਪੜ੍ਹਦਾ ਰਿਹਾ ਹੋਵੇਗਾ?	ਉਹ ਪੜ੍ਹਦੇ ਰਹੇ ਹੋਣਗੇ ਉਹ ਪੜ੍ਹਦੇ ਨਹੀਂ ਰਹੇ ਹੋਣਗੇ। ਕੀ ਉਹ ਪੜ੍ਹਦੇ ਰਹੇ ਹੋਣਗੇ?

ਨੋਟ : ਇਹ ਪਾਠ ਪੁਸਤਕ 'ਕਾਲਜ ਪੰਜਾਬੀ ਵਿਆਕਰਨ' (ਰਚਿਤ ਡਾ. ਹਰਕੀਰਤ ਸਿੰਘ ਤੇ ਗਿਆਨੀ ਲਾਲ ਸਿੰਘ) ਅਤੇ ਪੰਜਾਬੀ ਭਾਸ਼ਾ ਵਿਗਿਆਨ (ਰਚਿਤ ਡਾ. ਸੁਖਵਿੰਦਰ ਸਿੰਘ ਸੰਘਾ) ਵਿੱਚੋਂ ਤਿਆਰ ਕੀਤਾ ਗਿਆ ਹੈ।

ਪੱਖ : ਪੱਖ ਦਾ ਸੰਬੰਧ ਘਟਨਾ-ਕ੍ਰਮ ਦੁਆਰਾ ਜਿਹੜੀ ਕਾਰਜੀ ਸਥਿਤੀ ਹੋਂਦ ਵਿੱਚ ਆਉਂਦੀ ਹੈ, ਉਸ ਨਾਲ ਹੈ। ਜਦੋਂ ਕਿਰਿਆ ਕਿਸੇ ਕਾਰਜ ਦੇ ਮੁਕੰਮਲ ਜਾਂ ਸੰਪੂਰਨ ਹੋਣ ਬਾਰੇ ਦਰਸਾਏ ਤਾਂ ਉਸਨੂੰ ਪੂਰਨ ਪੱਖ (Perfect Aspect) ਕਿਹਾ ਜਾਂਦਾ ਹੈ ਅਤੇ ਬਾਕੀ ਦੇ ਸਾਰੇ ਕਿਰਿਆਵੀ ਰੂਪਾਂ ਨੂੰ ਅਪੂਰਨ ਪੱਖ (Non-Perfect Aspect) ਕਿਹਾ ਜਾਂਦਾ ਹੈ। ਉਪਰੋਕਤ ਦੇ ਸੰਬੰਧ ਵਿੱਚ ਕਿਹਾ ਜਾ ਸਕਦਾ ਹੈ ਕਿ ਪੱਖ ਦਾ ਸੰਬੰਧ ਕਿਰਿਆ ਦੀ ਪੂਰਨਤਾ ਅਤੇ ਅਪੂਰਨਤਾ ਨਾਲ ਹੈ।

ਪੰਜਾਬੀ ਭਾਸ਼ਾ ਵਿੱਚ ਪੱਖ ਨੂੰ ਦੋ ਵਰਗਾਂ ਵਿੱਚ ਰੱਖਿਆ ਜਾਂਦਾ ਹੈ।

1. ਪੂਰਨ ਪੱਖ
2. ਅਪੂਰਨ ਪੱਖ

ਪੁਰਖ : ਪੁਰਖ ਦਾ ਸੰਬੰਧ ਭਾਸ਼ਾਈ ਸਥਿਤੀ ਵਿੱਚ ਸ਼ਾਮਿਲ ਧਿਰਾਂ ਦੀ ਭੂਮਿਕਾ ਨਾਲ ਹੈ। ਭਾਸ਼ਾਈ ਬੁਲਾਰਾ ਉੱਤਮ ਪੁਰਖ ਜਾਂ ਪਹਿਲੇ ਪੁਰਖ ਦੀ ਭੂਮਿਕਾ ਨਿਭਾਉਂਦਾ ਹੈ, ਭਾਸ਼ਾਈ ਸਰੋਤਾ ਦੂਜੇ ਪੁਰਖ ਦੀ ਅਤੇ ਸੰਬੋਧਿਤ ਵਸਤੂ/ਪ੍ਰਾਣੀ ਤੀਜੇ ਪੁਰਖ ਦੀ ਭੂਮਿਕਾ ਨਿਭਾਉਂਦੇ ਹਨ।

ਪੰਜਾਬੀ ਭਾਸ਼ਾ ਵਿੱਚ ਵੀ, ਦੂਜਿਆਂ ਭਾਸ਼ਾਵਾਂ ਵਾਂਗ, ਤਿੰਨ ਪ੍ਰਕਾਰ ਦੇ ਪੁਰਖ ਦੀ ਹੀ ਸਥਾਪਤੀ ਕੀਤੀ ਗਈ ਹੈ :

1. ਪਹਿਲਾ ਪੁਰਖ (First Person)
2. ਦੂਜਾ ਪੁਰਖ (Second Person)
3. ਤੀਜਾ ਪੁਰਖ (Third Person)

ਪਹਿਲੇ ਪੁਰਖ ਵਿੱਚ 'ਮੈਂ', 'ਅਸੀਂ', ਦੂਜੇ ਪੁਰਖ ਵਿੱਚ 'ਤੂੰ-ਤੁਸੀਂ' ਅਤੇ ਤੀਜੇ ਪੁਰਖ ਵਿੱਚ 'ਇਹ-ਉਹ' ਨੂੰ ਸ਼ਾਮਿਲ ਕੀਤਾ ਜਾਂਦਾ ਹੈ।

ੳ

ਗੁਰਮੁਖੀ ਫੌਂਟ ਅਰੰਭ ਤੇ ਵਿਕਾਸ

ਵੱਖ-ਵੱਖ ਭਾਸ਼ਾਵਾਂ ਦੇ ਅੱਖਰਾਂ ਨੂੰ ਦਿਖਾਉਣ ਅਤੇ ਪ੍ਰਿੰਟ ਕਰਨ ਦੇ ਵਿਸ਼ੇਸ਼ ਰੂਪ ਨੂੰ ਫੌਂਟ ਕਿਹਾ ਜਾਂਦਾ ਹੈ। ਅਮਰੀਕਾ ਦੇ ਡਾ. ਕੁਲਬੀਰ ਸਿੰਘ ਥਿੰਦ ਨੂੰ ਗੁਰਮੁਖੀ ਫੌਂਟਾਂ ਦਾ ਪਿਤਾਮਾ ਕਿਹਾ ਜਾਂਦਾ ਹੈ। ਉਨ੍ਹਾਂ ਨੇ ਸਭ ਤੋਂ ਪਹਿਲਾਂ ਸਾਲ 1984 ਵਿਚ ਕੰਪਿਊਟਰ ਲਈ ਗੁਰਮੁਖੀ ਫੌਂਟਾਂ ਦੀ ਕਾਢ ਕੱਢੀ। ਇੱਕ ਸਰਵੇ ਮੁਤਾਬਿਕ ਪੰਜਾਬੀ ਦੇ 500 ਤੋਂ ਵੱਧ ਫੌਂਟ ਰਵਾਇਤੀ ਅਤੇ ਇੱਕ ਦਰਜਨ ਤੋਂ ਵੱਧ ਯੂਨੀਕੋਡ ਆਧਾਰਿਤ ਫੌਂਟ ਤਿਆਰ ਹੋ ਚੁੱਕੇ ਹਨ।

ਪੁਰਾਣੇ ਫੌਂਟ ਅੰਗਰੇਜ਼ੀ ਦੀ ਕੋਡਿੰਗ ਪ੍ਰਣਾਲੀ (ASCII- American Code for Information Interchange) ਨੂੰ ਆਧਾਰ ਮੰਨ ਕੇ ਉਸਾਰੇ ਗਏ ਸੀ। ਇਸ 8 ਬਿੱਟਸ ਵਾਲੀ ਪ੍ਰਣਾਲੀ ਵਿਚ ਵੱਧ ਤੋਂ ਵੱਧ 256 (28) ਅੱਖਰ, ਅੰਕ ਜਾਂ ਵਿਸ਼ੇਸ਼ ਚਿੰਨ੍ਹ ਹੀ ਪਾਏ ਜਾ ਸਕਦੇ ਹਨ। ਇਨ੍ਹਾਂ ਫੌਂਟਾਂ ਦੀ ਉਸਾਰੀ ਸਮੇਂ ਅੰਗਰੇਜ਼ੀ ਵਾਲੀਆਂ ਕੋਡ ਕੀਮਤਾਂ (ਜਿਵੇਂ c ਲਈ 99) ਨੂੰ ਵਰਤ ਕੇ ਪੰਜਾਬੀ ਦੇ ਅੱਖਰ ਪਾਏ ਗਏ। ਪੰਜਾਬੀ ਫੌਂਟ ਵਿਕਾਸਕਾਰਾਂ ਨੇ ਇੱਕ ਸਰਬ-ਸਾਂਝੇ ਕੀ-ਬੋਰਡ ਲੇਆਊਟ ਨੂੰ ਨਹੀਂ ਅਪਣਾਇਆ ਸਗੋਂ ਹਰੇਕ ਫੌਂਟ ਦਾ ਕੀ-ਬੋਰਡ ਲੇਆਊਟ ਜਾਂ ਕੋਡ ਮੈਪਿੰਗ ਵੱਖਰੀ ਰੱਖੀ। ਸਿੱਟੇ ਵਜੋਂ ਕਈ ਸਮੱਸਿਆਵਾਂ ਆਈਆਂ ਜਿਨ੍ਹਾਂ ਵਿੱਚੋਂ ਪ੍ਰਮੁੱਖ ਸੀ- ਇੱਕ ਕੰਪਿਊਟਰ ਵਿੱਚ ਟਾਈਪ ਕੀਤੇ ਮੈਟਰ ਦਾ ਦੂਜੇ ਕੰਪਿਊਟਰ 'ਚ ਜਾ ਕੇ ਬਦਲ ਜਾਣਾ। ਹੁਣ ਯੂਨੀਕੋਡ ਫੌਂਟਾਂ ਦੀ ਆਮਦ ਨਾਲ ਇਹ ਸਮੱਸਿਆਵਾਂ ਹੱਲ ਹੋ ਗਈਆਂ ਹਨ।

ਪੰਜਾਬੀ ਫੌਂਟਾਂ ਨੂੰ ਮੁੱਖ ਤੌਰ 'ਤੇ ਹੇਠਾਂ ਦਿੱਤੀਆਂ 2 ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ:

- ਰਵਾਇਤੀ ਫੌਂਟ, ਪੁਰਾਣੇ ਫੌਂਟ, ਅਸਕਾਈ ਫੌਂਟ, ਗੈਰ-ਯੂਨੀਕੋਡ ਫੌਂਟ ਜਾਂ ਗੈਰ-ਮਿਆਰੀ ਫੌਂਟ
- ਨਵੇਂ ਫੌਂਟ, ਯੂਨੀਕੋਡ ਫੌਂਟ, ਆਧੁਨਿਕ ਫੌਂਟ, ਮਿਆਰੀ ਫੌਂਟ



1. ਪੰਜਾਬੀ ਫੌਂਟ ਕਿੱਥੋਂ ਲਈਏ?

ਪੰਜਾਬੀ ਫੌਂਟ ਦੀ ਪ੍ਰਾਪਤੀ ਦੇ ਕਈ ਸਰੋਤ ਹਨ ਜਿਵੇਂ ਕਿ

- ਕਿਸੇ ਵੈੱਬਸਾਈਟ ਤੋਂ, ਜਿਵੇਂ ਕਿ www.punjabicomputer.com (ਲਿੰਕ (ਡਾਊਨਲੋਡ-ਫੌਂਟ :
- ਪੈੱਨ ਡਰਾਈਵ ਜਾਂ ਸੀਡੀ ਰਾਹੀਂ ਆਪਣੇ ਕੰਪਿਊਟਰ ਵਿਚ ਪਾਏ ਜਾ ਸਕਦੇ ਹਨ।

2. ਕੰਪਿਊਟਰ ਵਿਚ ਫੌਂਟ ਪਾਉਣੇ

- ਜੇਕਰ ਫੌਂਟ 'Zip' ਜਾਂ 'Rar' ਕੀਤੇ ਹੋਏ ਹਨ ਤਾਂ ਇਨ੍ਹਾਂ ਨੂੰ ਪਹਿਲਾਂ ਖੋਲ੍ਹ /unZip ਲਓ।
- ਫੌਂਟ ਫੌਂਟਾਂ/ਨੂੰ ਚੁਣ ਕੇ ਮਾਊਸ ਦਾ ਸੱਜਾ ਬਟਨ ਕਲਿੱਕ ਕਰੋ ਤੇ ਸੂਚੀ/Drop Down List ਵਿਚੋਂ 'Install' ਵਿਕਲਪ ਲਓ।



3. ਫੌਂਟ ਕਾਪੀ ਕਰਨੇ

ਜੇਕਰ ਤੁਸੀਂ ਕਿਸੇ ਕੰਪਿਊਟਰ ਤੋਂ ਪੰਜਾਬੀ ਫੌਂਟ ਆਪਣੇ ਕੰਪਿਊਟਰ ਵਿਚ ਪਾਉਣੇ ਚਾਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਕੰਟਰੋਲ ਪੈਨਲ > ਫੌਂਟ ਵਾਲਾ ਫੋਲਡਰ ਖੋਲ੍ਹੋ। ਫੌਂਟ ਚੁਣੋ। ਉਨ੍ਹਾਂ ਨੂੰ ਪੈੱਨ ਡਰਾਈਵ ਆਦਿ ਵਿਚ ਕਾਪੀ ਕਰੋ। ਕਾਪੀ ਕੀਤੇ ਫੌਂਟ ਆਪਣੇ ਕੰਪਿਊਟਰ ਵਿਚ ਪਾਏ ਜਾ ਸਕਦੇ ਹਨ।

ਪੰਜਾਬੀ ਵਿਚ ਟਾਈਪ ਕਰਨ ਦੀਆਂ ਵਿਧੀਆਂ

ਕੰਪਿਊਟਰ ਤੇ ਪੰਜਾਬੀ ਟਾਈਪ ਕਰਨ ਲਈ ਅਨੇਕਾਂ ਢੰਗਤਰੀਕੇ ਪ੍ਰਚਲਿਤ ਹਨ-। ਇਨ੍ਹਾਂ ਵਿਚੋਂ ਹੇਠਾਂ ਲਿਖੇ ਤਿੰਨ ਪ੍ਰਮੁੱਖ ਤਰੀਕਿਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਜਾ ਰਹੀ ਹੈ :

1. ਫੋਨੈਟਿਕ ਵਿਧੀ

ਇਹ ਇੱਕ ਧੁਨੀਆਤਮਕ ਵਿਧੀ ਹੈ। ਇਸ ਵਿਧੀ ਰਾਹੀਂ ਵਰਤੋਂਕਾਰ ਅੰਗਰੇਜ਼ੀ ਦੇ ਅੱਖਰਾਂ ਦੀਆਂ ਧੁਨਾਂ ਦੇ ਆਧਾਰ 'ਤੇ ਗੁਰਮੁਖੀ ਅੱਖਰਾਂ ਨੂੰ ਟਾਈਪ ਕਰਦਾ। ਇਸ ਵਿਚ ਕੰਮ ਕਰਨਾ ਬਹੁਤ ਆਸਾਨ ਹੈ। ਆਮ ਵਰਤੋਂ ਵਾਲੇ ਫੋਨੈਟਿਕ ਫੌਂਟ ਹਨ: ਅਨਮੋਲ ਲਿਪੀ, ਧਨੀ ਰਾਮ ਚਾਤ੍ਰਿਕ ਵੈੱਬ, ਅਮਰ ਲਿਪੀ, ਅੰਮ੍ਰਿਤ ਲਿਪੀ, ਸਮਤੋਲ, ਸ੍ਰੀ ਅੰਗਦ, ਸ੍ਰੀ ਗ੍ਰੰਥ ਆਦਿ।

ਫੋਨੈਟਿਕ ਕੀਬੋਰਡ ਲੇਆਉਟ-

ਰਮਿੰਗਟਨ ਕੀਬੋਰਡ ਲੇਆਉਟ-

ਇਨਸਕਰਿਪਟ ਕੀਬੋਰਡ ਲੇਆਉਟ-

2. ਰਮਿੰਗਟਨ ਵਿਧੀ

ਇਹ ਟਾਈਪ-ਰਾਈਟਰ ਵਾਲੀ ਟਾਈਪ ਵਿਧੀ ਹੈ। ਇਸ ਵਿਧੀ ਰਾਹੀਂ ਟਾਈਪਿੰਗ ਦੀ ਜਾਣਕਾਰੀ ਰੱਖਣ ਵਾਲੇ ਵਰਤੋਂਕਾਰ ਹੀ ਟਾਈਪ ਕਰ ਸਕਦੇ ਹਨ। ਭਾਰਤ ਵਿਚ ਰਮਿੰਗਟਨ ਟਾਈਪਿੰਗ ਦੀ ਵਰਤੋਂ ਪ੍ਰਕਾਸ਼ਨਾਂ/ਪ੍ਰਿੰਟ ਸਨਅਤ ਵਿਚ ਵੱਡੇ ਪੱਧਰ 'ਤੇ ਕੀਤੀ ਜਾਂਦੀ ਹੈ। ਇਸ ਦੀ ਸਿਖਲਾਈ ਲਈ ਲੰਬੇ ਅਭਿਆਸ ਅਤੇ ਕਰੜੀ ਮਿਹਨਤ ਦੀ ਲੋੜ ਪੈਂਦੀ ਹੈ। ਰਮਿੰਗਟਨ ਟਾਈਪਿੰਗ ਲਈ ਅਨੇਕਾਂ ਫੌਂਟਾਂ ਦਾ ਵਿਕਾਸ ਹੋ ਚੁੱਕਾ ਹੈ ਜਿਨ੍ਹਾਂ ਵਿਚੋਂ ਕੁੱਝ ਕੁ ਫੌਂਟਾਂ ਦੇ ਨਾਂ ਹਨ: ਅਸੀਸ, ਜੁਆਏ, ਗੁਰਮੁਖੀ, ਪ੍ਰਾਈਮ-ਜਾ ਆਦਿ।

ਨੋਟ: ਸਤਲੁਜ ਅਤੇ ਰਣਜੀਤ ਫੁਟਕਲ ਸ਼੍ਰੇਣੀ ਦੇ ਫੌਂਟ ਹਨ

3. ਇਨਸਕਰਿਪਟ ਵਿਧੀ



ਇਹ ਪੰਜਾਬੀ (ਗੁਰਮੁਖੀ) ਟਾਈਪ ਕਰਨ ਦੀ ਇੱਕ ਮਿਆਰੀ ਵਿਧੀ ਹੈ। ਇਨਸਕਰਿਪਟ ਕੀ-ਬੋਰਡ ਮਾਈਕਰੋਸਾਫ਼ਟ ਵਿੰਡੋਜ਼ ਵਿਚ ਪਹਿਲਾਂ ਹੀ ਉਪਲਬਧ ਹੁੰਦਾ ਹੈ। ਇਸ ਰਾਹੀਂ ਭਾਰਤ ਦੀ ਕਿਸੇ ਵੀ ਭਾਸ਼ਾ ਵਿਚ ਟਾਈਪ ਕੀਤਾ ਜਾ ਸਕਦਾ ਹੈ। ਇਹ ਇਕ ਮਿਆਰੀ ਕੀ-ਬੋਰਡ ਲੇਆਊਟ ਹੈ ਤੇ ਸਾਨੂੰ ਇਸ ਵਿਚ ਹੀ ਟਾਈਪਿੰਗ ਦਾ ਅਭਿਆਸ ਕਰਨਾ ਚਾਹੀਦਾ ਹੈ।

3.1 ਇਨਸਕਰਿਪਟ ਕੀ-ਬੋਰਡ ਲੇਆਊਟ ਦੀਆਂ ਵਿਸ਼ੇਸ਼ਤਾਵਾਂ

1. ਇਨਸਕਰਿਪਟ ਲੇਆਉਟ ਭਾਰਤੀ ਭਾਸ਼ਾਵਾਂ ਦਾ ਸਾਂਝਾ ਵਿਅੰਜਨ ਲੇਆਉਟ ਹੈ।
2. ਇਸ ਵਿਚ ਸ੍ਵਰ (Vowels) ਖੱਬੇ ਹੱਥ ਅਤੇ ਵਿਅੰਜਨ (Consonants) ਸੱਜੇ ਹੱਥ ਹੁੰਦੇ ਹਨ।
3. ਇਸ ਦਾ ਆਧਾਰ ਵਿਗਿਆਨਕ ਹੈ ਇਸ ਵਿਚ ਭਾਰਤੀ ਭਾਸ਼ਾਵਾਂਇਕ ਸਾਂਝੀ ਕੋਡ ਮੈਪਿੰਗ ਨਾਲ ਜੁੜੀਆਂ ਹੋਈਆਂ ਹਨ। ਜਿਸ ਦਾ ਲਾਭ ਇਹ ਹੈ ਕਿ ਕਿਸੇ ਭਾਸ਼ਾ ਵਿਚ ਟਾਈਪਿੰਗ ਸਿੱਖਣ ਵਾਲਾ ਵਿਅਕਤੀ ਸਹਿਜੇ ਹੀ ਦੂਜੀ ਭਾਸ਼ਾ ਵਿਚ ਟਾਈਪ ਕਰਨ ਦੇ ਯੋਗ ਬਣ ਸਕਦਾ ਹੈ।

4. ਵਿੰਡੋਜ਼ ਸਮੇਤ ਸਾਰੇ ਓਪਰੇਟਿੰਗ ਸਿਸਟਮਾਂ ਵਿਚ ਇਹ ਕੀ-ਬੋਰਡ ਲੇਆਉਟ ਪਹਿਲਾਂ ਹੀ ਪਾਇਆ ਹੋਇਆ ਮਿਲਦਾ ਹੈ।
5. ਇਹ ਯੂਨੀਕੋਡ ਵਿਚ ਟਾਈਪ ਕਰਨ ਦਾ ਮਿਆਰੀ ਕੀ-ਬੋਰਡ ਲੇਆਉਟ ਹੈ। ਕੇਂਦਰ ਅਤੇ ਰਾਜ ਸਰਕਾਰਾਂ ਟਾਈਪਿੰਗ ਇਮਤਿਹਾਨ ਇਨਸਕਰਿਪਟ ਲੇਆਉਟ ਵਿਚ ਹੀ ਲੈਂਦੀਆਂ ਹਨ।

3.2 ਇਨਸਕਰਿਪਟ ਕੀ-ਬੋਰਡ ਇੰਸਟਾਲ ਕਰਨਾ

1. ਵਿੰਡੋਜ਼ ਦੇ ਸਟਾਰਟ ਬਟਨ 'ਤੇ ਕਲਿੱਕ ਕਰਕੇ Add Language ਟਾਈਪ ਕਰੋ।
2. ਹੁਣ ਸੂਚੀ ਵਿਚੋਂ ਸਿਖ਼ਰ ਤੋਂ Add a language to this device ਦੀ ਚੋਣ ਕਰੋ।
3. ਨਵੀਂ ਖੁੱਲੀ ਸਕਰੀਨ ਤੋਂ Add a language ਵਾਲੇ ਜਮਾਂ (+) ਦੇ ਨਿਸ਼ਾਨ 'ਤੇ ਕਲਿੱਕ ਕਰੋ।
4. ਇਥੋਂ ਪੰਜਾਬੀ ਭਾਸ਼ਾ ਨੂੰ ਲੱਭੋ। ਸੂਚੀ ਵਿਚੋਂ Punjabi (Gurmukhi) ਚੁਣੋਂ ਤੇ Next 'ਤੇ ਕਲਿੱਕ ਕਰਕੇ ਪ੍ਰਕਿਰਿਆ ਪੂਰੀ ਕਰੋ। ਇੰਸਟਾਲ ਹੋਣ ਉਪਰੰਤ ਕੀ-ਬੋਰਡ ਟਾਸਕਬਾਰ ਦੇ ਸੱਜੇ ਹੱਥ ਭਾਸ਼ਾ ਪੱਟੀ (Language bar) , ਵਿਚ ਨਜ਼ਰ ਆਉਣ ਲੱਗੇਗਾ। ਇਸ ਨੂੰ ਮਾਊਸ ਰਾਹੀਂ ਚੁਣ ਕੇ ਜਾਂ ਕੀ-ਬੋਰਡ ਸ਼ਾਰਟਕੱਟ Alt+Shift ਰਾਹੀਂ ਚੁਣਿਆ ਜਾ ਸਕਦਾ ਹੈ।

ਅ

ਫੌਂਟ ਬਦਲੀ ਤਕਨੀਕ

ਅਸੀਂ ਜਾਣਦੇ ਹਾਂ ਕਿ ਪੰਜਾਬੀ ਦੇ ਵੱਖ-ਵੱਖ ਫੌਂਟਾਂ ਦੇ ਵੱਖ-ਵੱਖ ਕੀ-ਬੋਰਡ ਲੇਆਊਟ ਪ੍ਰਚਲਿਤ ਹਨ। ਸਿੱਟੇ ਵਜੋਂ ਇੱਕ ਫੌਂਟ ਵਿੱਚ ਤਿਆਰ ਕੀਤਾ ਮੈਟਰ ਦੂਜੇ ਫੌਂਟ ਵਿੱਚ ਵੇਖਣ 'ਤੇ ਬਦਲ ਜਾਂਦਾ ਹੈ। ਇਕ ਫੌਂਟ ਦੇ ਮੈਟਰ ਨੂੰ ਦੂਜੇ ਫੌਂਟ ਵਿੱਚ ਹੂਬਹੂ ਦਿਖਾਉਣ ਲਈ ਇਕ ਵਿਸ਼ੇਸ਼ ਤਕਨੀਕ ਅਪਣਾਈ ਜਾਂਦੀ ਹੈ ਜਿਸ ਨੂੰ ਫੌਂਟ ਬਦਲੀ ਤਕਨੀਕ ਕਿਹਾ ਜਾਂਦਾ ਹੈ। ਇਸ ਵਿਚ ਇਕ ਫੌਂਟ ਦੇ ਅੱਖਰਾਂ ਨੂੰ ਦੂਜੇ ਫੌਂਟ ਦੇ ਅੱਖਰਾਂ ਨਾਲ ਮਿਲਾ (Code Mapping) ਦਿੱਤਾ ਜਾਂਦਾ ਹੈ। ਇਸ ਮੰਤਵ ਲਈ ਕਈ ਸਾਫ਼ਟਵੇਅਰ ਬਣ ਚੁੱਕੇ ਹਨ ਜਿਨ੍ਹਾਂ ਨੂੰ ਫੌਂਟ ਕਨਵਰਟਰ ਵੀ ਕਿਹਾ ਜਾਂਦਾ ਹੈ।



- ਇਕ ਫੌਂਟ ਵਿਚ ਟਾਈਪ ਕੀਤੇ ਮੈਟਰ ਨੂੰ ਦੂਜੇ ਫੌਂਟ ਵਿਚ ਬਦਲਣ ਲਈ ਜਿਹੜਾ ਸਾਫਟਵੇਅਰ ਵਰਤਿਆ ਜਾਂਦਾ ਹੈ ਉਸ ਨੂੰ ਫੌਂਟ ਕਨਵਰਟਰ ਸਾਫਟਵੇਅਰ ਕਹਿੰਦੇ ਹਨ।

- ਪੰਜਾਬੀ ਵਿਚ ਕਈ ਰਵਾਇਤੀ ਫੌਂਟ ਬਣ ਚੁੱਕੇ ਹਨ। ਉਨ੍ਹਾਂ ਫੌਂਟਾਂ ਨੂੰ ਮਿਆਰੀ ਯੂਨੀਕੋਡ ਵਿਚ ਬਦਲਣ ਲਈ ਫੌਂਟ ਕਨਵਰਟਰਾਂ ਦੀ ਲੋੜ ਪੈਂਦੀ ਹੈ। ਫੌਂਟ ਕਨਵਰਟਰ ਪ੍ਰੋਗਰਾਮਾਂ ਨੂੰ ਹੇਠਾਂ ਲਿਖੇ ਵਸੀਲਿਆਂ ਤੋਂ ਵਰਤਿਆ ਜਾ ਸਕਦਾ ਹੈ:
    - ਅੱਖਰ-2010, ਅੱਖਰ-2016, ਅੱਖਰ-2021 (akhariwp.com)
    - ਗੁਰਮੁਖੀ ਯੂਨੀਕੋਡ ਫੌਂਟ ਕਨਵਰਟਰ (gurmukhifontconverter.com)
    - ਸੋਧਕ (sodhak.learnpunjabi.org)
    - ਪਲਟਾਵਾ: ਐਂਡਰਾਈਡ ਫੋਨ ਦੀ ਐਪ
    - ਜਨਮੇਜਾ ਜੌਹਲ ਦੀ ਵੈੱਬਸਾਈਟ

ੲ

ਯੂਨੀਕੋਡ ਪ੍ਰਣਾਲੀ

ਯੂਨੀਕੋਡ ਇੱਕ ਅੰਤਰਰਾਸ਼ਟਰੀ ਅੱਖਰ ਕੋਡ ਪ੍ਰਣਾਲੀ ਹੈ। ਇਸ ਵਿਚ ਦੁਨੀਆ ਦੀ ਹਰੇਕ ਪ੍ਰਮੁੱਖ ਭਾਸ਼ਾ ਦੇ ਅੱਖਰਾਂ, ਅੰਕਾਂ, ਵਿਸ਼ਰਾਮ ਚਿੰਨ੍ਹਾਂ ਆਦਿ ਨੂੰ ਸ਼ਾਮਿਲ ਕੀਤਾ ਗਿਆ ਹੈ। ਇਹ ਪੰਜਾਬੀ ਅੱਖਰਾਂ ਨੂੰ ਵਿਲੱਖਣ ਕੋਡ ਮੁਹੱਈਆ ਕਰਵਾਉਂਦੀ ਹੈ ਜੋ ਹਰੇਕ ਕੰਪਿਊਟਰ ਉੱਤੇ ਹਮੇਸ਼ਾ ਸਥਿਰ ਰਹਿੰਦਾ ਹੈ। ਯੂਨੀਕੋਡ ਪ੍ਰਣਾਲੀ ਰਵਾਇਤੀ (ਅੰਗਰੇਜ਼ੀ ਵਾਲੀ) ਕੋਡ ਪ੍ਰਣਾਲੀ (ਆਸਕੀ) ਤੋਂ ਦੁੱਗਣੇ (8 ਬਿੱਟ ਦੀ ਬਜਾਏ 16 ਬਿੱਟਸ) ਆਕਾਰ ਵਾਲੀ ਕੋਡ ਪ੍ਰਣਾਲੀ ਹੈ। ਇਸ ਵਿਚ ਦੁਨੀਆ ਦੀਆਂ ਪ੍ਰਮੁੱਖ ਭਾਸ਼ਾਵਾਂ ਦੇ ਹਜ਼ਾਰਾਂ ਅੱਖਰਾਂ ਨੂੰ ਦਰਸਾਇਆ ਜਾ ਸਕਦਾ ਹੈ।

1. ਯੂਨੀਕੋਡ ਵਿਚ ਟਾਈਪ ਕਰਨਾ

ਯੂਨੀਕੋਡ ਪ੍ਰਣਾਲੀ ਦੇ ਆਉਣ ਨਾਲ ਟਾਈਪ ਨਾਲ ਸਬੰਧਿਤ ਸਾਰੀਆਂ ਸਮੱਸਿਆਵਾਂ ਹੱਲ ਹੋ ਗਈਆਂ ਹਨ। ਯੂਨੀਕੋਡ (ਆਧਾਰਿਤ ਕਿਸੇ ਫੌਂਟ) ਵਿਚ ਟਾਈਪ ਕਰਨ ਲਈ ਕਿਸੇ ਇੱਕ ਕੀ-ਬੋਰਡ (ਲੇਆਊਟ) ਉੱਤੇ ਮੁਥਾਜ ਰਹਿਣ ਦੀ ਲੋੜ ਨਹੀਂ ਸਗੋਂ ਇਸ ਨੂੰ ਕਿਸੇ ਵੀ (ਅਨਮੋਲ ਲਿਪੀ, ਅਸੀਸ ਵਾਲੇ ਰਵਾਇਤੀ) ਕੀ-ਬੋਰਡ ਲੇਆਊਟ ਰਾਹੀਂ ਟਾਈਪ ਕੀਤਾ ਜਾ ਸਕਦਾ ਹੈ। ਫੋਨੈਟਿਕ, ਰਮਿੰਗਟਨ ਜਾਂ ਇਨਸਕਰਿਪਟ ਲੇਆਊਟ ਵਿਚ ਟਾਈਪ ਕਰਨ ਲਈ ਖੋਜਕਾਰਾਂ ਵੱਲੋਂ ਵੱਖ-ਵੱਖ ਡਰਾਈਵਰ/ਪ੍ਰੋਗਰਾਮ ਵਿਕਸਿਤ ਕੀਤੇ ਜਾ ਚੁੱਕੇ ਹਨ।

ਵੱਖ-ਵੱਖ ਕੀ-ਬੋਰਡ ਖ਼ਾਕਿਆਂ ਰਾਹੀਂ ਯੂਨੀਕੋਡ ਰਾਵੀ ਵਿਚ ਟਾਈਪ ਕਰਨ ਲਈ ਪੰਜਾਬੀ ਯੂਨੀਵਰਸਿਟੀ ਵੱਲੋਂ ਆਨ ਲਾਈਨ ਯੂਨੀਕੋਡ ਟਾਈਪਿੰਗ ਪੈਡ (g2s.learnpunjabi.org/unipad.aspx) ਵਿਕਸਿਤ ਕੀਤੀ ਗਈ ਹੈ। ਯੂਨੀਵਰਸਿਟੀ ਵੱਲੋਂ ਯੂਨੀ-ਟਾਈਪ ਅਤੇ ਜੀ-ਲਿਪੀਕਾ (ਆਫ਼-ਲਾਈਨ) ਪ੍ਰੋਗਰਾਮ ਵੀ

ਵਿਕਸਿਤ ਕੀਤੇ ਜਾ ਚੁੱਕੇ ਹਨ। ਇਨ੍ਹਾਂ ਨੂੰ ਵੈੱਬਸਾਈਟ punjabicomputer.com (ਲਿੰਕ: ਡਾਊਨਲੋਡ-ਟਾਈਪਿੰਗ) ਤੋਂ ਡਾਊਨਲੋਡ ਕਰਕੇ ਵਰਤਿਆ ਜਾ ਸਕਦਾ ਹੈ। ਆਨ-ਲਾਈਨ ਗੁਰਮੁਖੀ ਯੂਨੀਕੋਡ ਟਾਈਪਿੰਗ ਲਈ ਗੂਗਲ ਅਤੇ ਸਕੇਪ ਪੰਜਾਬ ਦੀ ਵੈੱਬਸਾਈਟ ਸਮੇਤ ਅਨੇਕਾਂ ਸਰੋਤ ਉਪਲਬਧ ਹਨ।

ਯੂਨੀ-ਟਾਈਪ ਪ੍ਰਚਲਿਤ ਤਿੰਨੋਂ ਕੀ-ਬੋਰਡ ਲੇਆਊਟਾਂ 'ਤੇ ਕੰਮ ਕਰਦੀ ਹੈ। ਇਸ ਵਿਚ ਵੱਖ-ਵੱਖ ਲੇਆਊਟਾਂ ਦੇ ਅੱਖਰ-ਮੈਪਿੰਗ ਚਾਰਟ ਨੂੰ ਨਾਲੋ-ਨਾਲ ਵੇਖਿਆ ਜਾ ਸਕਦਾ ਹੈ। ਇਸ ਰਾਹੀਂ ਇਨਸਕਰਿਪਟ ਕੀ-ਬੋਰਡ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਯੂਨੀ-ਟਾਈਪ ਵਿਚ ਭਾਸ਼ਾ ਬਦਲਣ ਲਈ Alt+Ctrl+F12 ਦੀ ਵਰਤੋਂ ਕੀਤੀ ਜਾਂਦੀ ਹੈ।

ਨੋਟ: ੳ, ਅ ਅਤੇ ੲ ਓਨੀ ਦੇਰ ਨਜ਼ਰ ਨਹੀਂ ਆਉਣਗੇ ਜਿੰਨੀ ਦੇਰ ਅਗਲਾ ਅੱਖਰ, ਲਗਾ-ਮਾਤਰਾ ਜਾਂ ਸਪੇਸ ਨਾ ਪਾਈ ਜਾਵੇ।

2. ਯੂਨੀਕੋਡ ਦੇ ਲਾਭ

ਯੂਨੀਕੋਡ ਪ੍ਰਣਾਲੀ ਦੇ ਅਨੇਕਾਂ ਲਾਭ ਹਨ ਜੋ ਕਿ ਹੇਠਾਂ ਲਿਖੇ ਅਨੁਸਾਰ ਹਨ:

1) ਯੂਨੀਕੋਡ ਵਿਚ ਟਾਈਪ ਕੀਤਾ ਮੈਟਰ ਸੰਸਾਰ ਦੇ ਕਿਸੇ ਵੀ ਯੂਨੀਕੋਡ ਅਧਾਰਿਤ ਕੰਪਿਊਟਰ ਉੱਤੇ ਖੋਲ੍ਹਿਆ ਤੇ ਪੜ੍ਹਿਆ ਜਾ ਸਕਦਾ ਹੈ।
2) ਯੂਨੀਕੋਡ ਆਧਾਰਿਤ ਇੱਕ ਹੀ ਫੌਂਟ ਵਿਚ ਇੱਕ ਤੋਂ ਵੱਧ ਭਾਸ਼ਾਵਾਂ ਵਿਚ ਟਾਈਪ ਕੀਤਾ ਜਾ ਸਕਦਾ ਹੈ।
3) ਫਾਈਲਾਂ ਅਤੇ ਫੋਲਡਰਾਂ ਦਾ ਨਾਮ ਵੀ ਪੰਜਾਬੀ ਵਿਚ ਰੱਖਿਆ ਜਾ ਸਕਦਾ ਹੈ।
4) ਯੂਨੀਕੋਡ ਵਾਲੀਆਂ ਫਾਈਲਾਂ 'ਤੇ ਫੋਲਡਰਾਂ ਨੂੰ ਕੰਪਿਊਟਰ 'ਤੇ ਲੱਭਿਆ ਜਾ ਸਕਦਾ ਹੈ।
5) ਯੂਨੀਕੋਡ ਵਿਚ ਤਿਆਰ ਕੀਤੀ ਨਾਵਾਂ ਦੀ ਸੂਚੀ ਨੂੰ ਕ੍ਰਮ ਵਿਚ ਲਗਾਉਣਾ (ਸੌਰਟਿੰਗ) ਸੰਭਵ ਹੈ।
6) ਯੂਨੀਕੋਡ ਵਿਚ ਅੰਗਰੇਜ਼ੀ ਦੀ ਤਰ੍ਹਾਂ ਵੈੱਬ ਸਰਚ ਕੀਤੀ ਜਾ ਸਕਦੀ ਹੈ।
7) ਦਸਤਾਵੇਜ਼ ਵਿਚ ਪੰਜਾਬੀ ਭਾਸ਼ਾ ਵਿਚ ਹੈੱਡਰ, ਫੁੱਟਰ, ਫੁੱਟ ਨੋਟਸ ਅਤੇ ਟਿੱਪਣੀਆਂ ਦਿੱਤੀਆਂ ਜਾ ਸਕਦੀਆਂ ਹਨ।
8) ਯੂਨੀਕੋਡ ਰਾਹੀਂ ਕੰਪਿਊਟਰ ਦੇ ਮੀਨੂ ਅਤੇ ਡਾਇਲਾਗ ਬਕਸੇ ਪੰਜਾਬੀ ਵਿਚ ਦੇਖੇ ਜਾ ਸਕਦੇ ਹਨ।
9) ਯੂਨੀਕੋਡ ਪ੍ਰਣਾਲੀ ਦੀ ਮਦਦ ਨਾਲ ਕਿਸੇ ਵੀ ਭਾਸ਼ਾ ਵਿਚ ਕੰਪਿਊਟਰ ਪ੍ਰੋਗਰਾਮ ਬਣਾਏ ਜਾ ਸਕਦੇ ਹਨ।
10) ਪੰਜਾਬੀ ਯੂਨੀਕੋਡ ਵਿਚ ਵੈੱਬਸਾਈਟਾਂ, ਬਲੌਗ ਆਦਿ ਬਣਾਏ ਜਾ ਸਕਦੇ ਹਨ।
11) ਯੂਨੀਕੋਡ ਰਾਹੀਂ ਫੇਸਬੁਕ 'ਤੇ ਪੰਜਾਬੀ, ਹਿੰਦੀ, ਉਰਦੂ ਆਦਿ ਵਿਚ ਲਿਖਣਾ, ਈ-ਮੇਲ ਅਤੇ ਚੈਟਿੰਗ ਕਰਨਾ ਸੰਭਵ ਹੋਇਆ ਹੈ।
12) ਯੂਨੀਕੋਡ ਵਿਚ ਡਾਟਾਬੇਸ ਬਣਾਇਆ ਤੇ ਵਰਤਿਆ ਜਾ ਸਕਦਾ ਹੈ।
13) ਆਧੁਨਿਕ ਮੋਬਾਇਲ ਫੋਨ, ਸੀਡੀ/ਡੀਵੀਡੀ ਪਲੇਅਰ, ਫੋਨ-ਬੁੱਕਸ, ਮੈਸੇਜ (ਸੰਦੇਸ਼) ਬੋਰਡ ਆਦਿ ਵਿਚ ਪੰਜਾਬੀ ਵਿਚ ਕੰਮ ਕਰਨਾ ਸੰਭਵ ਹੋ ਗਿਆ ਹੈ।

ਡਾ. ਸੀ ਪੀ ਕੰਬੋਜ
ਅਸਿਸਟੈਂਟ ਪ੍ਰੋਫ਼ੈਸਰ
ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਕੰਪਿਊਟਰ ਸਹਾਇਤਾ ਕੇਂਦਰ
ਪੰਜਾਬੀ ਯੂਨੀਵਰਸਿਟੀ ਪਟਿਆਲਾ
ਵੈੱਬਸਾਈਟ/Website: www.cpkamboj.com
ਯੂ-ਟਿਊਬ/YouTube: https://www.youtube.com/user/kambojcp/

ਅੰਤਿਕਾ–1 ਕੰਪਿਊਟਰ ਦੀ ਵਰਤੋਂ ਸਮੇਂ ਸਾਵਧਾਨੀਆਂ

ਕੰਪਿਊਟਰ ਦੀ ਵਰਤੋਂ ਸਮੇਂ ਹੇਠਾਂ ਦਿੱਤੀਆਂ ਸਾਵਧਾਨੀਆਂ ਵਰਤੋ:



1) ਕੰਪਿਊਟਰ ਨੂੰ ਇੱਕ ਸਾਫ਼ ਸੁਥਰੇ ਤੇ ਹਵਾਦਾਰ ਕਮਰੇ ਵਿਚ ਲਗਾਓ। ਕੰਪਿਊਟਰ ਨੂੰ ਧੂੜ-ਘੱਟੇ, ਸੂਰਜ ਦੀ ਸਿੱਧੀ ਰੌਸ਼ਨੀ ਅਤੇ ਸਲ੍ਹਾਬ ਆਦਿ ਤੋਂ ਦੂਰ ਰੱਖੋ।

2) ਕੰਪਿਊਟਰ ਦੀ ਅੰਦਰੂਨੀ ਅਤੇ ਬਾਹਰੀ ਸਫ਼ਾਈ ਦਾ ਪੂਰਾ ਧਿਆਨ ਰੱਖੋ।

3) ਕੰਪਿਊਟਰ ਨੂੰ ਸਾਫ਼ ਕਰਨ ਲਈ ਸਾਫ਼ਟ ਬੁਰਸ਼ ਜਾਂ ਨਰਮ ਅਤੇ ਸਾਫ਼ ਸੁਥਰੇ ਕੱਪੜੇ ਦੀ ਵਰਤੋਂ ਕਰੋ।

4) ਕੰਪਿਊਟਰ ਨੂੰ ਇੱਧਰ-ਉੱਧਰ ਲੈ ਜਾਣ ਸਮੇਂ ਝਟਕੇ ਤੋਂ ਬਚਾਓ। ਕਿਉਂਕਿ ਹਾਰਡ ਡਿਸਕ ਛੋਟੇ ਜਿਹੇ ਝਟਕੇ ਨਾਲ ਵੀ ਖ਼ਰਾਬ ਹੋ ਸਕਦੀ ਹੈ।

5) ਕੰਪਿਊਟਰ ਦੀ ਰਫ਼ਤਾਰ ਬਣਾਈ ਰੱਖਣ ਲਈ ਇਸ ਵਿਚ ਜਮ੍ਹਾਂ ਹੋਈਆਂ ਆਰਜ਼ੀ ਫਾਈਲਾਂ ਦੇ ਜ਼ਖੀਰੇ ਨੂੰ ਹਟਾਉਂਦੇ ਰਹੋ। ਅਜਿਹੇ ਮੰਤਵ ਨੂੰ ਪੂਰਾ ਕਰਨ ਲਈ ਮਹੀਨੇ ਵਿਚ ਇੱਕ ਵਾਰ Disk Clean up ਪ੍ਰੋਗਰਾਮ ਚਲਾ ਲੈਣਾ ਚਾਹੀਦਾ ਹੈ।

6) ਕੰਪਿਊਟਰ 'ਤੇ ਲਗਾਤਾਰ ਕੰਮ ਕਰਨ ਲਈ (ਉੱਪਰ ਦਿੱਤੇ ਚਿੱਤਰ ਅਨੁਸਾਰ) ਇੱਕ ਆਰਾਮਦਾਇਕ ਕੁਰਸੀ ਦਾ ਇਸਤੇਮਾਲ ਕਰੋ। ਕੁਰਸੀ ਦੀ ਬੈਕ ਤੁਹਾਡੀ ਗਰਦਨ ਜਿੰਨੀ ਉੱਚੀ ਹੋਣੀ ਚਾਹੀਦੀ ਹੈ। ਜੇਕਰ ਤੁਸੀਂ ਸਹੀ ਕੁਰਸੀ ਦਾ ਇਸਤੇਮਾਲ ਨਹੀਂ ਕਰਦੇ ਤਾਂ ਕੰਪਿਊਟਰ ਚਲਾਉਂਦੇ ਸਮੇਂ ਤੁਸੀਂ ਜਲਦੀ ਥੱਕ ਜਾਵੋਗੇ। ਕੰਪਿਊਟਰ ਦੀ ਸਕਰੀਨ ਲਗਭਗ ਤੁਹਾਡੀਆਂ ਅੱਖਾਂ ਦੀ ਸੇਧ ਵਿਚ ਹੋਵੇ ਤੇ ਲਗਭਗ 2 ਫੁੱਟ ਦੀ ਦੂਰੀ 'ਤੇ ਹੋਵੇ।

7) ਸਿਸਟਮ ਵਿਚ ਇੱਕ ਵਧੀਆ ਕਿਸਮ ਦਾ ਐਂਟੀਵਾਇਰਸ ਪਾ ਕੇ ਰੱਖੋ। ਸਮੇਂ-ਸਮੇਂ ਉੱਤੇ ਇਸ ਨੂੰ ਅਪਗ੍ਰੇਡ ਕਰਦੇ ਰਹੋ।

8) ਕੰਪਿਊਟਰ ਨੂੰ ਹਮੇਸ਼ਾ ਸਹੀ ਢੰਗ ਨਾਲ ਬੰਦ (Shut Down) ਕਰੋ।

9) ਕਮਰੇ ਵਿਚਲਾ ਪ੍ਰਕਾਸ਼ ਸਰੋਤ ਮੌਨੀਟਰ ਦੀ ਸਕਰੀਨ ਦੇ ਸਾਹਮਣੇ ਨਹੀਂ ਹੋਣਾ ਚਾਹੀਦਾ ਹੈ। ਅਜਿਹਾ ਹੋਣ ਨਾਲ ਲੈਂਪ ਜਾਂ ਟਿਊਬ ਲਾਈਟ ਦਾ ਪ੍ਰਕਾਸ਼ ਸਕਰੀਨ ਤੋਂ ਪਰਿਵਰਤਿਤ ਹੋ ਕੇ ਤੁਹਾਡੀਆਂ ਅੱਖਾਂ

'ਤੇ ਮਾੜਾ ਪ੍ਰਭਾਵ ਪਾ ਸਕਦਾ ਹੈ। ਹਨੇਰੇ ਕਮਰੇ ਵਿਚ ਲੰਬੇ ਸਮੇਂ ਤੱਕ ਕੰਪਿਊਟਰ 'ਤੇ ਕੰਮ ਕਰਨ ਨਾਲ ਵੀ ਅੱਖਾਂ 'ਤੇ ਮਾੜਾ ਅਸਰ ਪੈ ਸਕਦਾ ਹੈ।

10) ਲੰਬੇ ਸਮੇਂ ਤੱਕ ਲਗਾਤਾਰ ਕੰਪਿਊਟਰ ਉੱਤੇ ਕੰਮ ਕਰਨ ਵਾਲਿਆਂ ਦੀਆਂ ਅੱਖਾਂ ਥੱਕ ਜਾਂਦੀਆਂ ਹਨ। ਇਨ੍ਹਾਂ ਵਿਚ ਖ਼ੁਸ਼ਕੀ ਆ ਜਾਂਦੀ ਹੈ ਤੇ ਨਜ਼ਰ ਵੀ ਘਟ ਸਕਦੀ ਹੈ। ਇਸ ਦਾ ਇਲਾਜ ਇਹ ਹੈ ਕਿ ਲਗਾਤਾਰ ਕੰਮ ਕਰਨ ਦੀ ਬਜਾਏ ਵਿਚ-ਵਿਚ ਰੁਕਦੇ ਰਹੋ। ਅੱਖਾਂ ਨੂੰ ਤਾਜ਼ੇ ਪਾਣੀ ਦੇ ਛਿੱਟੇ ਮਾਰੋ ਜਾਂ (Dry Eyes ਲਈ) ਨੇਤਰ ਬੂੰਦਾਂ ਦੀ ਵਰਤੋਂ ਕਰੋ।

11) ਕੰਪਿਊਟਰ ਉੱਤੇ ਲੰਬੇ ਸਮੇਂ ਤੱਕ ਲਗਾਤਾਰ ਕੰਮ ਕਰਨ ਨਾਲ ਪਿੱਠ ਅਤੇ ਗਰਦਨ ਦੇ ਦਰਦ ਦੀ ਸੰਭਾਵਨਾ ਵੱਧ ਸਕਦੀ ਹੈ ਤੇ ਹਥੇਲੀਆਂ ਉੱਤੇ ਸੋਜ਼ਸ਼ ਆ ਸਕਦੀ ਹੈ। ਕੰਪਿਊਟਰ ਦੀ ਗ਼ਲਤ ਵਰਤੋਂ ਜਾਂ ਵੱਧ ਵਰਤੋਂ ਕਾਰਨ ਪੈਦਾ ਹੋਣ ਵਾਲੀਆਂ ਇਨ੍ਹਾਂ ਬਿਮਾਰੀਆਂ ਨੂੰ Computer Related Diseases ਕਿਹਾ ਜਾਂਦਾ ਹੈ। ਇਨ੍ਹਾਂ ਬਿਮਾਰੀਆਂ ਤੋਂ ਬਚਣ ਦਾ ਤਰੀਕਾ ਇਹ ਹੈ ਕਿ ਜ਼ਿਆਦਾ ਸਮੇਂ ਤੱਕ ਲਗਾਤਾਰ ਕੰਪਿਊਟਰ ਨਾ ਵਰਤਿਆ ਜਾਵੇ ਸਗੋਂ ਵਿਚੋਂ-ਵਿਚੋਂ ਆਰਾਮ/ਠਹਿਰਾਅ ਲੈ ਕੇ ਘੁੰਮ-ਫਿਰ ਲਵੋ ਜਾਂ ਫਿਰ ਆਸਣ/ਸੀਟ ਬਦਲਦੇ ਰਹੋ।

12) ਕੰਪਿਊਟਰੀ ਹਾਰਡ ਡਿਸਕ ਦੀ ਸੀ ਡਰਾਈਵ (ਜਾਂ ਵਿੰਡੋਜ਼ ਵਾਲੀ ਡਰਾਈਵ) ਵਿਚ ਕਦੇ ਵੀ ਡਾਟਾ ਨਾ ਸਾਂਭੋ। ਜਦੋਂ ਓਪਰੇਟਿੰਗ ਸਿਸਟਮ ਵਿਚ ਕਿਸੇ ਵੀ ਪ੍ਰਕਾਰ ਦੀ ਤਰੁੱਟੀ ਆ ਜਾਂਦੀ ਹੈ ਤਾਂ ਸੀ ਡਰਾਈਵ ਦੁਬਾਰਾ ਫੌਰਮੈਟ (ਸਾਫ਼ ਕਰਨਾ) ਕਰਕੇ ਇੰਸਟਾਲ ਕੀਤੀ ਜਾਂਦੀ ਹੈ। ਅਜਿਹੀ ਸਥਿਤੀ ਵਿਚ 'ਸੀ' ਵਿਚ ਪਿਆ ਡਾਟਾ ਨੁਕਸਾਨਿਆ ਜਾਂਦਾ ਹੈ। ਫੌਰਮੈਟ ਰਾਹੀਂ ਡੈਸਕਟਾਪ, ਮਾਈ ਡਾਕੂਮੈਂਟ, ਪਿਕਚਰਜ਼, ਮਿਊਜ਼ਿਕ, ਵੀਡੀਓ ਆਦਿ ਟਿਕਾਣਿਆਂ 'ਤੇ ਪਿਆ ਡਾਟਾ ਵੀ ਨਸ਼ਟ ਹੋ ਜਾਂਦਾ ਹੈ।

13) ਵੱਖ-ਵੱਖ ਕਿਸਮ ਦੀਆਂ ਫਾਈਲਾਂ ਦੀ ਵਿਸ਼ਾ ਵੰਡ ਕਰਕੇ ਉਨ੍ਹਾਂ ਨੂੰ ਵੱਖ-ਵੱਖ ਫੋਲਡਰਾਂ/ਡਰਾਈਵਜ਼ ਵਿਚ ਸਟੋਰ ਕਰੋ। ਅਜਿਹਾ ਕਰਨ ਨਾਲ ਕਿਸੇ ਫਾਈਲ ਜਾਂ ਫੋਲਡਰ ਦੀ ਭਾਲ ਕਰਨੀ ਬਹੁਤ ਆਸਾਨ ਹੋ ਜਾਂਦੀ ਹੈ।

14) ਕੰਪਿਊਟਰ ਨਾਲ ਯੂਪੀਐਸ (UPS- Uniterruptible Power Supply) ਦਾ ਇਸਤੇਮਾਲ ਜ਼ਰੂਰ ਕਰੋ। ਅੱਜ-ਕੱਲ੍ਹ ਬਾਜ਼ਾਰ ਵਿਚੋਂ ਯੂਪੀਐੱਸ ਦੀ ਵਿਸ਼ੇਸ਼ਤਾ ਵਾਲੇ ਇਨਵਰਟਰ ਵੀ ਉਪਲਬਧ ਹਨ।

ਅੰਤਿਕਾ–2 ਕੰਪਿਊਟਰ ਦੀ ਰਫ਼ਤਾਰ ਵਧਾਉਣਾ

ਕੰਪਿਊਟਰ ਦੀ ਰਫ਼ਤਾਰ ਘਟਣ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ ਕਿ ਡੈਸਕਟਾਪ 'ਤੇ ਫਾਈਲਾਂ ਦਾ ਭੰਡਾਰ, ਆਰਜ਼ੀ ਫਾਈਲਾਂ ਦਾ ਜ਼ਖ਼ੀਰਾ, ਨੱਕੋ-ਨੱਕ ਭਰੀ ਰੀਸਾਈਕਲ ਬਿਨ, ਵਾਈਰਸ ਦੀ ਹੋਂਦ, ਛੋਟੀ ਰੈਮ ਆਦਿ। ਕੰਪਿਊਟਰ ਦੀ ਰਫ਼ਤਾਰ ਵਧਾਉਣ ਦੇ ਕਈ ਤਰੀਕੇ ਹਨ। ਇਨ੍ਹਾਂ ਵਿਚੋਂ ਕੁੱਝ ਹੇਠਾਂ ਦਿੱਤੇ ਗਏ ਹਨ:

1) ਡੈਸਕਟਾਪ 'ਤੇ ਸਿਰਫ਼ ਪ੍ਰੋਗਰਾਮ ਆਈਕਾਨ ਜਾਂ ਸ਼ਾਰਟਕੱਟ ਹੀ ਰੱਖੋ, ਬਾਕੀ ਫਾਈਲਾਂ/ਫੋਲਡਰ (ਸੀ ਡਰਾਈਵ ਤੋਂ ਬਿਨਾਂ) ਕਿਸੇ ਡਰਾਈਵ ਵਿਚ ਲੈ ਜਾਓ।

2) ਕੰਪਿਊਟਰ ਦੀਆਂ ਆਰਜ਼ੀ ਫਾਈਲਾਂ ਹਟਾਉਣ ਅਤੇ ਡਰਾਈਵਜ਼ ਨੂੰ ਸਾਫ ਕਰਨ ਲਈ ਪਹਿਲਾਂ



ਸੀ ਡਰਾਈਵ 'ਤੇ ਰਾਈਟ ਕਲਿੱਕ ਕਰੋ। Properties 'ਤੇ ਜਾਹ ਕੇ Disk Cleanup ਚਲਾ ਦਿਓ। ਫਿਰ OK 'ਤੇ ਕਲਿੱਕ ਕਰਕੇ ਕੰਮ ਪੂਰਾ ਕਰੋ।

3) ਰੀਸਾਈਕਲ ਬਿਨ ਨੂੰ ਉਸ ਉੱਤੇ ਰਾਈਟ ਕਲਿੱਕ ਕਰਕੇ Empty Recycle Bin ਕਮਾਂਡ ਰਾਹੀਂ ਖ਼ਾਲੀ ਕਰ ਦਿਓ।

4) ਕੰਪਿਊਟਰ ਵਿਚ ਚੰਗੀ ਕਿਸਮ ਦਾ ਐਂਟੀਵਾਇਰਸ ਰੱਖੋ। ਇਸ ਨੂੰ ਸਮੇਂ-ਸਮੇਂ 'ਤੇ ਇੰਟਰਨੈੱਟ ਤੋਂ ਅੱਪਡੇਟ ਕਰਦੇ ਰਹੋ।

5) ਰੈਮ ਦੀ ਸਮਰੱਥਾ ਵਧਾ ਲਓ।

ਅੰਤਿਕਾ-3 ਸਮਾਰਟ ਫੋਨ ਦੀ ਵਰਤੋਂ ਸਮੇਂ ਸਾਵਧਾਨੀਆਂ

ਆਧੁਨਿਕ ਮੋਬਾਈਲ ਦੀ ਵਰਤੋਂ ਬੜੀ ਸਾਵਧਾਨੀ ਨਾਲ ਕਰਨੀ ਚਾਹੀਦੀ ਹੈ। ਕਈ ਵਾਰ ਲੋਕ ਆਪਣਾ ਫੋਨ ਬੱਚਿਆਂ ਨੂੰ ਫੜਾ ਦਿੰਦੇ ਹਨ। ਬੱਚੇ ਉਸ ਦੀ ਦੁਰਵਰਤੋਂ ਕਰਦੇ ਹਨ। ਇਸ ਨਾਲ ਫੋਨ ਵਿਗਾੜ, ਬਕਾਏ ਵਿਚ ਕਟੌਤੀ ਅਤੇ ਸਕਰੀਨ 'ਤੇ ਝਰੀਟਾਂ ਆਦਿ ਪੈ ਸਕਦੀਆਂ ਹਨ। ਇਸ ਦੀ ਵਰਤੋਂ ਧਿਆਨ ਨਾਲ ਕਰਨੀ ਚਾਹੀਦੀ ਹੈ ਜਿਵੇਂ ਕਿ:



- ਸਕਰੀਨ 'ਤੇ ਹਮੇਸ਼ਾ ਲੌਕ ਲਗਾ ਕੇ ਰੱਖੋ। ਜੇਕਰ ਘਰ ਵਿਚ ਛੋਟੇ ਬੱਚੇ ਹੋਣ ਤਾਂ ਪੈਟਰਨ (Pattern) ਵਾਲੇ ਲੌਕ ਦੀ ਵਰਤੋਂ ਨਾ ਕਰੋ। ਪਾਸਵਰਡ (Password) ਜਾਂ ਪਿੰਨ (Pin) ਦੀ ਵਰਤੋਂ ਕਰੋ। ਵਾਰ-ਵਾਰ ਗ਼ਲਤ ਪੈਟਰਨ ਵਰਤ ਕੇ ਲੌਕ ਖੋਲ੍ਹਣ ਦੀ ਕੋਸ਼ਿਸ਼ ਕਰਨ ਨਾਲ ਫੋਨ ਰੁਕ ਸਕਦਾ ਹੈ। ਇਸ ਨੂੰ ਖੋਲ੍ਹਣ ਲਈ ਐਪ ਦੁਬਾਰਾ ਪਾਉਣ ਦੀ ਨੌਬਤ ਆ ਜਾਂਦੀ ਹੈ। ਹਾਂ, ਜੇਕਰ ਤੁਸੀਂ ਇਸ ਬਾਰੇ ਤਕਨੀਕੀ ਜਾਣਕਾਰੀ ਰੱਖਦੇ ਹੋ ਤੇ ਤੁਹਾਡਾ ਗੂਗਲ ਵਿਚ ਖਾਤਾ ਹੈ ਤਾਂ ਪੈਟਰਨ ਲੌਕ ਬਾਰੇ ਫ਼ਿਕਰ ਕਰਨ ਦੀ ਲੋੜ ਨਹੀਂ।
- ਆਪਣੇ ਮੋਬਾਈਲ ਨੂੰ ਹਮੇਸ਼ਾ ਸੁਰੱਖਿਅਤ ਜਗ੍ਹਾ 'ਤੇ ਰੱਖੋ। ਝਰੀਟਾਂ ਤੋਂ ਬਚਾਅ ਲਈ ਇਸ 'ਤੇ ਚੰਗਾ ਢੱਕਣ ਚੜ੍ਹਾ ਲੈਣਾ ਚਾਹੀਦਾ ਹੈ। ਸਕਰੀਨ ਦੀ ਸੁਰੱਖਿਆ ਲਈ ਇੱਕ ਖ਼ਾਸ ਕਿਸਮ ਦੀ ਸੁਰੱਖਿਅਤ ਝਿੱਲੀ ਵੀ ਚੜ੍ਹਵਾਈ ਜਾ ਸਕਦੀ ਹੈ। ਇਸ ਨਾਲ ਸਕਰੀਨ 'ਤੇ ਨਿਸ਼ਾਨ ਜਾਂ ਰਗੜ ਨਹੀਂ ਪੈਂਦੀ। ਆਧੁਨਿਕ ਮੋਬਾਈਲ ਨੂੰ ਸੂਰਜ ਦੀ ਸਿੱਧੀ ਰੌਸ਼ਨੀ, ਨਮੀ ਜਾਂ ਸਲ੍ਹਾਬ ਤੋਂ ਬਚਾ ਕੇ ਰੱਖਣਾ ਚਾਹੀਦਾ ਹੈ। ਇਸ ਨੂੰ ਬਾਕਾਇਦਾ ਚਾਰਜ ਕਰਦੇ ਰਹੋ। ਚਾਰਜ ਕਰਨ ਲਈ 'ਬੈਟਰੀ ਘੱਟ' ਦੇ ਚਿਤਾਵਨੀ ਸਨੇਹੇ ਦਾ ਇੰਤਜ਼ਾਰ ਨਹੀਂ ਕਰਨਾ ਚਾਹੀਦਾ। ਘੱਟ ਬੈਟਰੀ 'ਤੇ ਫੋਨ ਵਰਤਣ ਨਾਲ ਵੱਧ ਸ਼ਕਤੀ ਵਾਲਾ ਸਿਗਨਲ ਉਤਪੰਨ ਹੁੰਦਾ ਹੈ ਜਿਸ ਦਾ ਸਾਡੀ ਸਿਹਤ 'ਤੇ ਮਾੜਾ ਅਸਰ ਪੈ ਸਕਦਾ ਹੈ। ਇਸ ਨਾਲ ਬੈਟਰੀ ਦੀ ਉਮਰ ਵੀ ਘਟ ਜਾਂਦੀ ਹੈ। ਮੋਬਾਈਲ ਹਮੇਸ਼ਾ ਚਾਰਜ ਹੋਣ ਲਈ ਨਹੀਂ ਲੱਗਿਆ ਹੋਣਾ ਚਾਹੀਦਾ। 98 ਕੁ ਫ਼ੀਸਦੀ ਚਾਰਜ ਹੋਣ ਉਪਰੰਤ ਮੋਬਾਈਲ ਨੂੰ ਉਤਾਰ ਲੈਣਾ ਚਾਹੀਦਾ ਹੈ।
- ਇੰਟਰਨੈੱਟ (Internet) ਸਹੂਲਤ ਲਈ ਸਿੰਮ ਖ਼ਰੀਦਣ ਤੋਂ ਪਹਿਲਾਂ ਆਪਣੇ ਖੇਤਰ ਦਾ ਜਾਇਜ਼ਾ ਲੈ ਲਓ ਕਿ ਉਹ ਕਿਹੜੀ ਕੰਪਨੀ ਦੇ ਟਾਵਰ ਦੀ ਰੇਂਜ ਵਿਚ ਆਉਂਦਾ ਹੈ। ਮੋਬਾਈਲ ਫੋਨ ਵਿਚ ਸਾਂਭੀ ਕੰਟੈਕਟ ਨੰਬਰਾਂ (ਸੰਪਰਕ ਸੂਚੀ) ਨੂੰ ਸਮੇਂ-ਸਮੇਂ ਸੰਭਾਲਦੇ ਰਹੋ। ਐਪ ਸਟੋਰ 'ਤੇ ਕਈ ਐਪਜ਼

ਉਪਲਬਧ ਹਨ। ਜਿਨ੍ਹਾਂ ਨੂੰ ਵਰਤ ਕੇ ਤੁਸੀਂ ਐਕਸੇਲ, ਐੱਕਸਐੱਮਐੱਲ ਜਾਂ ਸੀਐੱਸਵੀ ਰੂਪ ਵਿਚ ਕੰਟੈਕਟ ਨੰਬਰ ਸੰਭਾਲ ਕੇ ਆਪਣੇ ਕੰਪਿਊਟਰ ਵਿਚ ਪਾ ਸਕਦੇ ਹੋ। ਅਜਿਹਾ ਕਰਨ ਨਾਲ ਫੋਨ ਦੇ ਗੁੰਮ ਹੋਣ ਜਾਂ ਖ਼ਰਾਬ ਹੋਣ ਦੀ ਸਥਿਤੀ ਵਿਚ ਤੁਹਾਡੇ ਮਿੱਤਰਾਂ/ਰਿਸ਼ਤੇਦਾਰਾਂ ਦੇ ਕੰਟੈਕਟ ਨੰਬਰ ਸੁਰੱਖਿਅਤ ਰਹਿੰਦੇ ਹਨ ਜਿਨ੍ਹਾਂ ਨੂੰ ਭਵਿੱਖ ਵਿਚ ਨਵੇਂ ਫੋਨ ਵਿਚ ਪਾ ਕੇ ਵਰਤਿਆ ਜਾ ਸਕਦਾ ਹੈ।

- ਸਮੇਂ-ਸਮੇਂ 'ਤੇ ਮੈਮਰੀ ਕਾਰਡ ਵਿਚਲੀਆਂ ਵਾਧੂ ਫਾਈਲਾਂ ਅਤੇ ਹੋਰ ਚੀਜ਼ਾਂ ਦੀ ਕਾਂਟ-ਛਾਂਟ ਕਰਦੇ ਰਹਿਣਾ ਚਾਹੀਦਾ ਹੈ। ਆਪਣੇ ਫੋਨ ਦੇ ਓਪਰੇਟਿੰਗ ਸਿਸਟਮ (ਜਿਵੇਂ ਕਿ ਐਂਡਰਾਇਡ) ਅਤੇ ਇਸ ਵਿਚ ਇੰਸਟਾਲ ਵੱਖ-ਵੱਖ ਐਪਜ਼ ਨੂੰ ਸਮੇਂ-ਸਮੇਂ 'ਤੇ ਅੱਪਡੇਟ ਕਰਦੇ ਰਹਿਣਾ ਚਾਹੀਦਾ ਹੈ। ਜੇਕਰ ਬਲੂ-ਟੁੱਥ ਜਾਂ ਵਾਈ-ਫਾਈ ਦੀ ਵਰਤੋਂ ਨਹੀਂ ਕਰ ਰਹੇ ਤਾਂ ਉਸ ਨੂੰ ਬੰਦ ਕਰ ਦਿਓ। ਜੇ ਇਹ 'ਚਾਲੂ' ਰਹਿਣ ਤਾਂ ਫ਼ਜ਼ੂਲ ਵਿਚ ਬੈਟਰੀ ਖਪਤ ਹੁੰਦੀ ਰਹਿੰਦੀ ਹੈ। ਮੋਬਾਈਲ ਵਿਚ ਚੰਗਾ ਜਿਹਾ ਐਂਟੀ ਵਾਈਰਸ ਇੰਸਟਾਲ ਕਰ ਲਓ। ਆਪਣੇ ਫੋਨ ਦਾ ਆਈਐੱਮਈਆਈ (IMEI- International Mobile Equipment Identity) ਨੰਬਰ ਕਿਧਰੇ ਸਾਂਭ ਕੇ ਰੱਖੋ ਤਾਂ ਜੋ ਗੁੰਮ ਹੋਣ 'ਤੇ ਇਸ ਨੰਬਰ ਰਾਹੀਂ ਫੋਨ ਨੂੰ ਰੁਕਵਾਇਆ ਜਾ ਸਕੇ। ਮੋਬਾਈਲ ਦਾ ਆਈਐੱਮਈਆਈ ਨੰਬਰ ਦੇਖਣ ਲਈ =*#06# ਡਾਇਲ ਕਰੋ।

ਅੰਤਿਕਾ–4 ਵਿੰਡੋਜ਼ ਸ਼ਾਰਟਕੱਟ

ਵਿੰਡੋਜ਼ ਇਕ ਓਪਰੇਟਿੰਗ ਸਿਸਟਮ ਹੈ ਤੇ ਇਸ ਉੱਤੇ ਕੰਮ ਕਰਨ ਲਈ ਕਈ ਕੀ-ਬੋਰਡ ਸ਼ਾਰਟਕੱਟ ਵਰਤੇ ਜਾਂਦੇ ਹਨ। ਮਾਊਸ ਦੀ ਬਜਾਏ ਕੀ-ਬੋਰਡ ਸ਼ਾਰਟਕੱਟ ਵਰਤਣ ਨਾਲ ਤੇਜ਼ ਗਤੀ ਨਾਲ ਕੰਮ ਕੀਤਾ ਜਾ ਸਕਦਾ ਹੈ।

- Alt + Esc: ਖੁੱਲ੍ਹੀਆਂ ਹੋਈਆਂ ਐਪਲੀਕੇਸ਼ਨਾਂ/ਪ੍ਰੋਗਰਾਮਾਂ ਵਿਚ ਘੁੰਮਣ ਲਈ
- Alt + F4: ਖੁੱਲ੍ਹੇ ਹੋਏ ਪ੍ਰੋਗਰਾਮ ਨੂੰ ਬੰਦ ਕਰਨ ਲਈ
- Alt + Shift: ਭਾਸ਼ਾ ਬਦਲਣ ਲਈ
- Ctrl + Shift: ਕੀ-ਬੋਰਡ ਲੇਆਊਟ ਬਦਲਣ ਲਈ
- Alt + Spacebar: ਖੁੱਲ੍ਹੇ ਹੋਏ ਪ੍ਰੋਗਰਾਮ ਦੇ ਮੀਨੂ ਦੀਆਂ ਡਰਾਪ ਡਾਊਨ ਕਮਾਂਡਾਂ ਖੋਲ੍ਹਣ ਲਈ
- Alt + Tab: ਖੁੱਲ੍ਹੀਆਂ ਹੋਈਆਂ ਐਪਲੀਕੇਸ਼ਨਾਂ/ਪ੍ਰੋਗਰਾਮਾਂ ਵਿਚ ਘੁੰਮਣ ਲਈ
- Ctrl + Tab: ਪ੍ਰੋਗਰਾਮਾਂ ਦੇ ਸਮੂਹ ਵਿਚ ਘੁੰਮਣ ਲਈ
- Ctrl + Alt + Del: ਵਿੰਡੋਜ਼ ਦੀਆਂ ਆਪਸ਼ਨਜ਼ ਦਿਖਾਉਣ ਵਾਲੀ ਸਕਰੀਨ ਨੂੰ ਖੋਲ੍ਹਣ ਲਈ; ਕੰਪਿਊਟਰ ਨੂੰ ਰੀ-ਬੂਟ (ਦੁਬਾਰਾ ਚਾਲੂ) ਕਰਨ ਲਈ
- Ctrl + Esc: ਵਿੰਡੋਜ਼ ਦਾ ਸਟਾਰਟ ਮੀਨੂ ਖੋਲ੍ਹਣ ਲਈ
- Ctrl + Shift + Esc: ਤੁਰੰਤ ਟਾਸਕ ਮੈਨੇਜਰ ਖੋਲ੍ਹਣ ਲਈ
- Esc: ਕਮਾਂਡ ਨੂੰ ਰੱਦ ਕਰਨ ਲਈ; ਡਾਇਲਾਗ ਬਕਸੇ ਨੂੰ ਬੰਦ ਕਰਨ ਲਈ
- F1: ਮਦਦ ਲੈਣ ਲਈ
- F2: ਰੀਨੇਮ ਕਰਨ ਲਈ
- F3: ਸਰਚ/ਖੋਜ ਕਰਨ ਲਈ
- F8: (ਵਾਰ-ਵਾਰ ਦਬਾਉਣ ਨਾਲ) ਵਿੰਡੋਜ਼ ਨੂੰ ਸੇਫ਼-ਮੋਡ 'ਤੇ ਚਲਾਉਣ ਲਈ
- Print Screen: ਖੁੱਲ੍ਹੀ ਹੋਈ ਸਕਰੀਨ ਨੂੰ ਪ੍ਰਿੰਟ ਕਰਨ ਲਈ
- Shift + Del: ਫਾਈਲ ਜਾਂ ਫੋਲਡਰ ਨੂੰ ਪੱਕੇ ਤੌਰ 'ਤੇ ਹਟਾਉਣ ਲਈ

- Shift key ਨੂੰ ਦਬਾ ਕੇ ਰੱਖਣਾ: ਡਰਾਈਵ ਵਿਚ ਪਾਈ ਹੋਈ ਸੀਡੀ/ਡੀਵੀਡੀ ਨੂੰ ਆਟੋ-ਪਲੇਅ ਤੋਂ ਰੋਕਣ ਲਈ
- Windows + Calc+ Enter: ਕੈਲਕੂਲੇਟਰ ਖੋਲ੍ਹਣ ਲਈ
- Windows + Excle+ Enter: ਮਾਈਕਰੋਸਾਫ਼ਟ ਐਕਸੇਲ ਖੋਲ੍ਹਣ ਲਈ
- Windows + Note+ Enter: ਨੋਟ ਪੈਡ ਖੋਲ੍ਹਣ ਲਈ
- Windows + Power+ Enter: ਮਾਈਕਰੋਸਾਫ਼ਟ ਪਾਵਰ ਪੁਆਇੰਟ ਖੋਲ੍ਹਣ ਲਈ
- Windows + Word + Enter: ਮਾਈਕਰੋਸਾਫ਼ਟ ਵਰਡ ਖੋਲ੍ਹਣ ਲਈ
- Windows + Print Screen: ਸਕਰੀਨਸ਼ੌਟ ਲੈਣ ਅਤੇ ਉਸ ਨੂੰ ਸੇਵ ਕਰਨ ਲਈ

ਅੰਤਿਕਾ–5 ਅਸਕਾਈ (ACII) ਟੇਬਲ

ਅਮੈਰਕਨ ਸਟੈਂਡਰਡ ਕੋਡ ਫ਼ਾਰ ਇਨਫਰਮੇਸ਼ਨ ਇੰਟਰਚੇਂਜ ਦਾ ਛੋਟਾ ਨਾਂ ਅਸਕਾਈ (ASCII) ਜਾਂ ਅਸਕਾਈ (ASCII) ਹੈ। ਇਹ ਕੰਪਿਊਟਰ ਵਿਚ ਵਰਤੀ ਜਾਣ ਵਾਲੀ ਰਵਾਇਤੀ ਕੋਡ ਪ੍ਰਣਾਲੀ ਹੈ।



ਅਸਕਾਈ (ASCII) ਕੋਡ 99 ਦੀ ਦੋ ਮੈਪਿੰਗ ਦਾ ਵਖਰੇਵਾਂ ਜਿਸ ਦੇ ਸਿੱਟੇ ਦਬਾਉਣ ਨਾਲ ਅਨਮੋਲ ਲਿਪੀ ਅਤੇ ਅੱਖਰ ਪੈਂਦੇ ਹਨ

ਕੋਡ ਕੀਮਤ	ਅੱਖਰ	ਕੋਡ ਕੀਮਤ	ਅੱਖਰ
65	A	97	a
66	B	98	b
67	C	99	c
68	D	100	d
69	E	101	e
70	F	102	f
71	G	103	g
72	H	104	h
73	I	105	i
74	J	106	j
75	K	107	k
76	L	108	l
77	M	109	m
78	N	110	n
79	O	111	o
80	P	112	p
81	Q	113	q
82	R	114	r
83	S	115	s
84	T	116	t
85	U	117	u
86	V	118	v
87	W	119	w
88	X	120	x
89	Y	121	y
90	Z	122	z
91	[	123	{
92	\	124	|
93	]	125	}
94	^	126	~
95	_	127	
96	`		

ਵੱਖ-ਵੱਖ ਫੌਂਟਾਂ ਨਾਲ ਕੋਡ ਵਜੋਂ ਕੀ-ਬੋਰਡ ਦਾ 'ਸੀ' ਬਟਨ ਅਸੀਸ ਫੌਂਟ ਵਿਚ ਵੱਖ-ਵੱਖ



ਆਸਕੀ ਕੋਡ 103 ਦੀ ਵੱਖ-ਵੱਖ ਫੌਂਟਾਂ ਨਾਲ ਮੈਪਿੰਗ

ਅੰਤਿਕਾ–6 ਯੂਨੀਕੋਡ ਟੇਬਲ

ਯੂਨੀਕੋਡ ਇਕ ਯੂਨੀਵਰਸਲ (ਵਿਸ਼ਵ-ਵਿਆਪੀ) ਕੋਡ ਹੈ। ਇਹ ਸਾਲ 1991 ਵਿਚ ਸੰਸਾਰ ਦੀਆਂ ਖੇਤਰੀ ਭਾਸ਼ਾਵਾਂ ਨੂੰ ਕੰਪਿਊਟਰ 'ਤੇ ਵਰਤਣ ਲਈ ਖੋਜਿਆ ਗਿਆ।

ਅਸਕਾਈ (ASCII) ਕੋਡ ਅੰਗਰੇਜ਼ੀ ਆਧਾਰ ਵਾਲਾ ਕੋਡ ਹੈ ਜਿਸ ਕਾਰਨ ਪੰਜਾਬੀ ਦੇ ਕਿਸੇ ਇੱਕ ਰਵਾਇਤੀ ਫੌਂਟ ਵਿਚ ਤਿਆਰ ਕੀਤਾ ਮੈਟਰ ਦੂਜੇ ਕੰਪਿਊਟਰ 'ਤੇ ਜਾ ਕੇ ਬਦਲ ਜਾਂਦਾ ਹੈ। ਦੂਜੇ ਪਾਸੇ, ਯੂਨੀਕੋਡ ਪ੍ਰਣਾਲੀ ਹਰੇਕ ਅੱਖਰ, ਅੰਕ ਜਾਂ ਵਿਸ਼ੇਸ਼ ਚਿੰਨ੍ਹ ਨੂੰ ਵਿਲੱਖਣ (ਯੂਨੀਕ) ਕੋਡ ਪ੍ਰਦਾਨ ਕਰਵਾਉਂਦੀ ਹੈ। ਇਹੀ ਕਾਰਨ ਹੈ ਕਿ ਪੰਜਾਬੀ ਦੇ ਯੂਨੀਕੋਡ (ਰਾਵੀ ਜਾਂ ਨਿਰਮਲਾ ਆਦਿ) ਵਿਚ ਟਾਈਪ ਕੀਤਾ ਮੈਟਰ ਵਿਸ਼ਵ ਦੇ ਕਿਸੇ ਵੀ ਕੰਪਿਊਟਰ, ਲੈਪਟਾਪ, ਟੈਬਲੇਟ, ਸਮਾਰਟ ਫੋਨ ਆਦਿ ਉੱਤੇ ਸਹੀ ਨਜ਼ਰ ਆਉਂਦਾ ਹੈ।

ਯੂਨੀਕੋਡ ਸੀਮਾ/ਰੇਂਜ

- ਗੁਰਮੁਖੀ: 0A00–0A7F
- ਦੇਵਨਾਗਰੀ: 0900–097F

U+0A0F	ਏ	U+0A1F	ਟ	U+0A2F	ਯ	U+0A3F	ਿ	U+0A4F		U+0A5F		U+0A6F	੯	U+0A7F	
U+0A0E		U+0A1E	ਞ	U+0A2E	ਮ	U+0A3E	ਾ	U+0A4E		U+0A5E	ਫ਼	U+0A6E	੮	U+0A7E	
U+0A0D		U+0A1D	ਝ	U+0A2D	ਭ	U+0A3D		U+0A4D	੍	U+0A5D		U+0A6D	੭	U+0A7D	
U+0A0C		U+0A1C	ਜ	U+0A2C	ਬ	U+0A3C	਼	U+0A4C	ੌ	U+0A5C	ੜ	U+0A6C	੬	U+0A7C	
U+0A0B		U+0A1B	ਛ	U+0A2B	ਫ	U+0A3B		U+0A4B	ੋ	U+0A5B	ਜ਼	U+0A6B	੫	U+0A7B	
U+0A0A	ਊ	U+0A1A	ਚ	U+0A2A	ਪ	U+0A3A		U+0A4A		U+0A5A	ਗ਼	U+0A6A	੪	U+0A7A	
U+0A09	ਉ	U+0A19	ਙ	U+0A29		U+0A39	ਹ	U+0A49		U+0A59	ਖ਼	U+0A69	੩	U+0A79	
U+0A08	ਈ	U+0A18	ਘ	U+0A28	ਨ	U+0A38	ਸ	U+0A48	ੈ	U+0A58		U+0A68	੨	U+0A78	
U+0A07	ਇ	U+0A17	ਗ	U+0A27	ਧ	U+0A37		U+0A47	ੇ	U+0A57		U+0A67	੧	U+0A77	
U+0A06	ਆ	U+0A16	ਖ	U+0A26	ਦ	U+0A36	ਸ਼	U+0A46		U+0A56		U+0A66	੦	U+0A76	
U+0A05	ਅ	U+0A15	ਕ	U+0A25	ਥ	U+0A35	ਵ	U+0A45		U+0A55		U+0A65		U+0A75	ੵ
U+0A04		U+0A14	ਔ	U+0A24	ਤ	U+0A34		U+0A44		U+0A54		U+0A64		U+0A74	ੴ
U+0A03	ਃ	U+0A13	ਓ	U+0A23	ਣ	U+0A33	ਲ਼	U+0A43		U+0A53		U+0A63		U+0A73	ੳ
U+0A02	ਂ	U+0A12		U+0A22	ਢ	U+0A32	ਲ	U+0A42	ੂ	U+0A52		U+0A62		U+0A72	ੲ
U+0A01	ਁ	U+0A11		U+0A21	ਡ	U+0A31		U+0A41	ੁ	U+0A51	ੑ	U+0A61		U+0A71	ੱ
U+0A00		U+0A10	ਐ	U+0A20	ਠ	U+0A30	ਰ	U+0A40	ੀ	U+0A50		U+0A60		U+0A70	ੰ

ਅੰਤਿਕਾ–7 ਸਤਲੁਜ ਫੌਂਟ



ਪੰਜਾਬੀ ਪ੍ਰਿੰਟ ਸਨਅਤ ਵਿਚ ਸਤਲੁਜ ਫੌਂਟ ਦੀ ਵਰਤੋਂ ਵੱਡੇ ਪੱਧਰ 'ਤੇ ਕੀਤੀ ਜਾ ਰਹੀ ਹੈ। ਸਤਲੁਜ ਰਵਾਇਤੀ ਅਸਕਾਈ (ASCII) ਆਧਾਰਿਤ ਫੌਂਟ ਹੈ। ਇਸ ਦੇ ਅੱਖਰਾਂ ਦਾ ਕੋਡ ਦਾਇਰਾ ਕੀ-ਬੋਰਡ ਦੀ ਪਕੜ 'ਚ ਨਹੀਂ ਆਉਂਦਾ। ਸਤਲੁਜ ਦੇ ਅੱਖਰਾਂ ਨੂੰ ਬਾਕੀ ਫੌਂਟਾਂ ਵਾਂਗ ਕੀ-ਬੋਰਡ ਤੋਂ ਸਿੱਧਾ ਨਹੀਂ ਪਾਇਆ ਜਾ ਸਕਦਾ। ਸਤਲੁਜ 'ਚ ਟਾਈਪ ਕਰਨ ਲਈ ਕਿਸੇ ਤੀਜੀ ਧਿਰ ਦੇ ਕੀ-ਬੋਰਡ ਲੇਆਉਟ ਪ੍ਰੋਗਰਾਮ ਦੀ ਲੋੜ ਪੈਂਦੀ ਹੈ।

- ਪੰਜਾਬੀ ਵਰਡ ਪ੍ਰੋਸੈੱਸਰ 'ਅੱਖਰ' ਵਿਚ ਅਸੀਸ ਜਾਂ ਕਿਸੇ ਵੀ ਹੋਰ ਪ੍ਰਚਲਿਤ (ਫੌਂਟ ਦਾ) ਕੀ-ਬੋਰਡ ਲੇਆਉਟ ਵਰਤ ਕੇ ਸਤਲੁਜ ਫੌਂਟ 'ਚ ਟਾਈਪ ਕੀਤਾ ਜਾ ਸਕਦਾ ਹੈ।
- ਕਈ ਕੀ-ਬੋਰਡ ਲੇਆਉਟ ਪ੍ਰੋਗਰਾਮ ਵਿਸ਼ੇਸ਼ ਤੌਰ 'ਤੇ ਸਤਲੁਜ ਵਿਚ ਟਾਈਪ ਕਰਨ ਦੀ ਸਮੱਸਿਆ ਨੂੰ ਹੱਲ ਕਰਨ ਲਈ ਬਣਾਏ ਗਏ ਹਨ ਜਿਨ੍ਹਾਂ ਵਿਚੋਂ ਲਿਪੀਕਾਰ ਅਤੇ ਜੀ-ਲਿਪੀਕਾ ਆਦਿ ਪ੍ਰਮੁੱਖ ਹਨ।

• ਪੰਜਾਬੀ ਵਰਡ ਪ੍ਰੋਸੈੱਸਰ 'ਅੱਖਰ' ਵਿਚ ਅਸੀਸ ਜਾਂ ਕਿਸੇ ਵੀ ਹੋਰ ਪ੍ਰਚਲਿਤ (ਫੌਂਟ ਦਾ) ਕੀ-ਬੋਰਡ ਲੇਆਉਟ ਵਰਤ ਕੇ ਸਤਲੁਜ ਫੌਂਟ 'ਚ ਟਾਈਪ ਕੀਤਾ ਜਾ ਸਕਦਾ ਹੈ।
• ਕਈ ਕੀ-ਬੋਰਡ ਲੇਆਉਟ ਪ੍ਰੋਗਰਾਮ ਵਿਸ਼ੇਸ਼ ਤੌਰ 'ਤੇ ਸਤਲੁਜ ਵਿਚ ਟਾਈਪ ਕਰਨ ਦੀ ਸਮੱਸਿਆ ਨੂੰ ਹੱਲ ਕਰਨ ਲਈ ਬਣਾਏ ਗਏ ਹਨ ਜਿਨ੍ਹਾਂ ਵਿਚੋਂ ਲਿਪੀਕਾਰ ਅਤੇ ਜੀ-ਲਿਪੀਕਾ

ਕੰਪਿਊਟਰ ਵਿਚ ਸਤਲੁਜ ਫੌਂਟ ਨਾ ਇੰਸਟਾਲ ਹੋਣ ਦੀ ਸੂਰਤ ਵਿਚ ਮੈਟਰ ਉੱਪਰ ਦਿੱਖਾਏ ਅਨੁਸਾਰ ਨਜ਼ਰ ਆਉਂਦਾ ਹੈ

ਅੰਤਿਕਾ-8 ਸ਼ਬਦ ਦਾ ਪਹਿਲਾ ਅੱਖਰ ਬਦਲ ਜਾਣਾ

ਐੱਮਐੱਸ ਵਰਡ ਵਿਚ ਕੋਈ ਅੰਗਰੇਜ਼ੀ ਦਾ ਵਾਕ ਟਾਈਪ ਕਰਨ ਸਮੇਂ ਉਸ ਦੇ ਪਹਿਲੇ ਸ਼ਬਦ ਦਾ ਪਹਿਲਾ ਅੱਖਰ ਆਪਣੇ-ਆਪ ਵੱਡਾ ਹੋ ਜਾਂਦਾ ਹੈ। ਇਹ ਇਸ ਵਿਚ ਉਪਲਭਧ ਇਕ ਖ਼ਾਸ ਵਿਸ਼ੇਸ਼ਤਾ ਕਾਰਨ ਹੁੰਦਾ ਹੈ। ਪੰਜਾਬੀ ਦੇ ਰਵਾਇਤੀ ਫੌਂਟਾਂ ਵਿਚ ਕੰਮ ਕਰਦਿਆਂ ਵੀ ਅਜਿਹਾ ਵਾਪਰਦਾ ਹੈ ਪਰ ਇਸ ਨਾਲ ਅੱਖਰ-ਜੋੜ ਵੀ ਬਦਲ ਜਾਂਦੇ ਹਨ ਜਿਵੇਂ ਕਿ Anmol Lipi ਫੌਂਟ 'ਚ ਸ਼ਬਦ 'ਕਲਮ' ਲਿਖਣ ਉਪਰੰਤ ਸਪੇਸ ਬਟਨ ਦੱਬਿਆ ਜਾਵੇ ਤਾਂ ਇਹ 'ਖਲਮ' 'ਚ ਬਦਲ ਜਾਵੇਗਾ। ਅਨਮੋਲ ਲਿਪੀ ਫੌਂਟ 'ਚ k ਤੋਂ ਕ ਅਤੇ K ਤੋਂ ਖ ਪੈਂਦਾ ਹੈ। ਸਪੇਸ ਬਟਨ ਦੱਬਣ ਉਪਰੰਤ ਪਹਿਲਾ ਅੱਖਰ ਆਪਣੇ-ਆਪ ਵੱਡਾ ਹੋ ਜਾਂਦਾ ਹੈ। ਸਿੱਟੇ ਵਜੋਂ ਅਨਮੋਲ ਲਿਪੀ ਫੌਂਟ ਵਿਚ 'ਕ' ਤੋਂ 'ਖ' ਬਣ ਜਾਂਦਾ ਹੈ। ਇਸ ਸਮੱਸਿਆ ਨੂੰ ਹੇਠਾਂ ਦਿੱਤੇ ਤਰੀਕੇ ਰਾਹੀਂ ਪੱਕੇ ਤੌਰ 'ਤੇ ਹੱਲ ਕੀਤਾ ਜਾ ਸਕਦਾ ਹੈ:

i) ਹੋਮ ਟੈਬ ਦੇ ਖੱਬੇ ਪਾਸੇ ਨਜ਼ਰ ਆਉਣ ਵਾਲੇ Office ਬਟਨ 'ਤੇ ਕਲਿੱਕ ਕਰੋ।

ii) ਹੁਣ ਹੇਠੋਂ Word Option ਨੂੰ ਚੁਣੋ।

iii) ਇੱਥੋਂ Proofing 'ਤੇ ਕਲਿੱਕ ਕਰੋ।

iv) ਉੱਪਰ ਜਿਹੇ ਸੱਜੇ ਹੱਥ ਨਜ਼ਰ ਆਉਣ ਵਾਲੇ Auto Correct Option ‘ਤੇ ਕਲਿੱਕ ਕਰੋ।

v) ਹੁਣ Auto Correct ਟੈਬ (ਬਟਨ) ਚੁਣੋ।

vi) ਇੱਥੋਂ ਉੱਪਰ ਤੋਂ ਹੇਠਾਂ ਤੱਕ 6 ਚੈੱਕ ਬਕਸਿਆਂ 'ਤੇ ਵਾਰੀ-ਵਾਰੀ ਕਲਿੱਕ ਕਰਕੇ ਠੀਕੇ (ਚੈੱਕ) ਦਾ ਨਿਸ਼ਾਨ ਹਟਾ ਦਿਓ।

vii) ਡਾਇਲਾਗ ਬਕਸਿਆਂ ਤੋਂ ਬਾਹਰ ਆ ਜਾਵੋ। ਹੁਣ ਤੁਸੀਂ ਵੇਖੋਗੇ ਕਿ ਟਾਈਪ ਕਰਨ ਉਪਰੰਤ ਪਹਿਲੇ ਸ਼ਬਦ ਦਾ ਪਹਿਲਾ ਅੱਖਰ ਬਦਲਣ ਦੀ ਸਮੱਸਿਆ ਹੱਲ ਹੋ ਗਈ ਹੈ।

ਅੰਤਿਕਾ-9 ਹੋੜਾ ਜਾਂ ਪੁੱਠਾ ਕੌਮਾ ਨਾ ਪੈਣਾ

ਅਸੀਸ ਜਾ ਹੋਰਨਾਂ ਰਮਿੰਗਟਨ ਅਧਾਰਿਤ ਫ਼ੌਂਟਾਂ ਵਿਚ ਹੋੜੇ ਅਤੇ ਕਨੌੜੇ ਲਿਖਣ ਦੀ ਸਮੱਸਿਆ ਆਉਂਦੀ ਹੈ। ਵਰਡ ਵਿਚ ਪਹਿਲਾਂ ਤੋਂ ਹੀ ਸਾਧਾਰਨ ਪੁੱਠੇ ਕੌਮਿਆਂ ਨੂੰ ਆਪਣੇ-ਆਪ ਆਕਰਸ਼ਕ ਕੌਮਿਆਂ ਵਿਚ ਬਦਲਣ ਦੀ ਵਿਸ਼ੇਸ਼ਤਾ ਹੈ। ਅੰਗਰੇਜ਼ੀ 'ਚ ਜਿਹੜੇ ਬਟਨ ਤੋਂ ਪੁੱਠਾ ਕੌਮਾ ਪੈਂਦਾ ਹੈ, ਪੰਜਾਬੀ (ਅਸੀਸ ਫੌਂਟ) 'ਚ ਉਸੇ ਬਟਨ ਨਾਲ ਹੋੜਾ ਪੈਂਦਾ ਹੈ। ਇਸ ਨੂੰ ਠੀਕ ਕਰਨ ਲਈ ਇਸ ਵਿਸ਼ੇਸ਼ਤਾ (Straight quotes with smart quotes) ਨੂੰ ਬੰਦ ਕਰਨਾ ਪੈਂਦਾ ਹੈ।

i) ਹੋਮ ਟੈਬ ਦੇ ਖੱਬੇ ਪਾਸੇ ਨਜ਼ਰ ਆਉਣ ਵਾਲੇ Office ਬਟਨ 'ਤੇ ਕਲਿੱਕ ਕਰੋ।

ii) ਹੁਣ ਹੇਠੋਂ Word Option ਨੂੰ ਚੁਣੋ।

iii) ਇੱਥੋਂ Proofing 'ਤੇ ਕਲਿੱਕ ਕਰੋ।

iv) ਉੱਪਰ ਜਿਹੇ ਸੱਜੇ ਹੱਥ ਨਜ਼ਰ ਆਉਣ ਵਾਲੇ Auto Correct Option 'ਤੇ ਕਲਿੱਕ ਕਰੋ।

v) ਹੁਣ Auto Format as You Type 'ਤੇ ਕਲਿੱਕ ਕਰੋ।

vi) ਉੱਪਰ Replace as You Type ਦੇ ਹੇਠਾਂ ਵਾਲੇ ਚੈੱਕ ਬਕਸੇ ਵਿਚ Straight quotes with smart quotes 'ਤੇ ਕਲਿੱਕ ਕਰਕੇ ਠੀਕਾ (ਚੈੱਕ) ਹਟਾ ਦਿਓ।

vii) ਬਾਹਰ ਆ ਜਾਵੋ। ਹੋੜਾ ਪਾ ਕੇ ਦੇਖੋ। ਹੋੜੇ ਦੀ ਸਮੱਸਿਆ ਹੱਲ ਹੋ ਜਾਵੇਗੀ।

ਪੁੱਠਾ ਕੌਮਾ ਨਾ ਪੈਣਾ

ਅਸੀਸ ਸਮੇਤ ਕਈ ਫ਼ੌਂਟਾਂ ਵਿਚ ਪੁੱਠੇ ਕੌਮਿਆਂ ਦੇ ਕੋਡ ਕੀ-ਬੋਰਡ ਦੇ ਦਾਇਰੇ ਤੋਂ ਬਾਹਰ ਹਨ। ਇਨ੍ਹਾਂ ਨੂੰ ਕੀ-ਬੋਰਡ ਸ਼ਾਰਟਕੱਟ ਰਾਹੀਂ ਪਾਇਆ ਜਾ ਸਕਦਾ ਹੈ:

- ਸ਼ੁਰੂ ਵਾਲਾ ਕੌਮਾ (ਇਕਹਿਰਾ): Alt + 0145
- ਅੰਤ ਵਾਲਾ ਕੌਮਾ (ਇਕਹਿਰਾ): Alt + 0146
- ਸ਼ੁਰੂ ਵਾਲਾ ਕੌਮਾ (ਦੋਹਰਾ): Alt + 0147
- ਅੰਤ ਵਾਲਾ ਕੌਮਾ (ਦੋਹਰਾ): Alt + 0148

ਅੰਤਿਕਾ–10 ਟਾਈਪਿੰਗ ਟਿਊਟਰ

ਟਾਈਪਿੰਗ ਟਿਊਟਰ ਇਕ ਅਜਿਹਾ ਸਾਫ਼ਟਵੇਅਰ ਹੈ ਜੋ ਟਾਈਪ ਸਿੱਖਣ 'ਚ ਮਦਦ ਕਰਦਾ ਹੈ। ਇਹ ਹੱਥਾਂ ਦੀਆਂ ਸਾਰੀਆਂ ਉਂਗਲਾਂ ਦੀ ਵਰਤੋਂ ਕਰਕੇ ਟਾਈਪ ਕਰਨ ਦੀ ਜਾਂਚ ਸਿਖਾਉਂਦਾ ਹੈ। ਟਾਈਪ ਕਰਨ ਦੀ ਇਸ ਵਿਸ਼ੇਸ਼ ਤਕਨੀਕ ਨੂੰ 'ਟੱਚ ਤਕਨੀਕ' ਕਿਹਾ ਜਾਂਦਾ ਹੈ।

ਟਾਈਪਿੰਗ ਟਿਊਟਰ ਸਿੱਖਾਂਦਰੂ ਨੂੰ ਕੀ-ਬੋਰਡ ਦੇ ਬਟਨਾਂ ਦਾ ਪੜਾਅ-ਦਰ-ਪੜਾਅ ਅਭਿਆਸ ਕਰਵਾਉਂਦਾ ਹੈ। ਇਸ ਰਾਹੀਂ ਅਭਿਆਸ ਕਰਕੇ ਟਾਈਪ ਦੀ ਗਤੀ ਵਿਚ ਵੀ ਵਾਧਾ ਕੀਤਾ ਜਾ ਸਕਦਾ ਹੈ। ਹੁਣ ਤੱਕ ਜਿਹੜੇ ਟਾਈਪਿੰਗ ਟਿਊਟਰ ਤਿਆਰ ਹੋਏ ਹਨ ਉਨ੍ਹਾਂ 'ਚ ਜ਼ਿਆਦਾਤਰ ਰਮਿੰਗਟਨ (ਅਸੀਸ) ਅਧਾਰਿਤ ਹੀ ਹਨ। ਇਨਸਕਰਿਪਟ ਕੀ-ਬੋਰਡ ਲੇਆਊਟ ਅਧਾਰਿਤ ਟਿਊਟਰ ਪ੍ਰੋਗਰਾਮਾਂ ਦੀ ਵੱਡੀ ਲੋੜ ਹੈ।

ਪੰਜਾਬ ਸਰਕਾਰ ਕਲੈਰੀਕਲ ਸਟਾਫ਼ ਅਤੇ ਡਾਟਾ ਐਂਟਰੀ ਓਪਰੇਟਰਾਂ ਦੀ ਭਰਤੀ ਲਈ ਲਏ ਜਾਣ ਵਾਲੇ ਟਾਈਪਿੰਗ ਟੈਸਟਾਂ ਲਈ ਵਿਸ਼ੇਸ਼ ਸਾਫ਼ਟਵੇਅਰਾਂ ਦੀ ਵਰਤੋਂ ਕਰ ਰਹੀ ਹੈ। ਇਹ ਸਾਫ਼ਟਵੇਅਰ ਟਾਈਪਿਸਟ ਦੀ ਗਤੀ ਅਤੇ ਸ਼ੁੱਧਤਾ ਨਾਲੋ-ਨਾਲ ਮਾਪਦੇ ਜਾਂਦੇ ਹਨ ਜਿਸ ਦੇ ਸਿੱਟੇ ਵਜੋਂ ਟੈਸਟ ਦਾ ਨਤੀਜਾ ਜਲਦੀ ਐਲਾਨਣਾ ਸੌਖਾ ਹੋ ਗਿਆ ਹੈ।



ਕੀ-ਬੋਰਡ ਉੱਤੇ ਉਂਗਲਾਂ ਦੀ ਸਹੀ ਸਥਿੱਤੀ

ਅੰਗਰੇਜ਼ੀ ਤੇ ਪੰਜਾਬੀ ਦੀ ਟਾਈਪ ਸਾਧਨਾ ਅਤੇ ਸਵੈ-ਪੜਚੋਲ ਲਈ ਕਈ ਵੈੱਬਸਾਈਟਾਂ 'ਤੇ ਟਿਊਟਰ ਅਤੇ ਮੁਲਾਂਕਣ ਦੀ ਸਹੂਲਤ ਦਿੱਤੀ ਗਈ ਹੈ ਜਿਵੇਂ ਕਿ:

- ਯੂਨੀਕੋਡ ਪੁਆਇੰਟ: unicodepoint.net
- ਇੰਡੀਆ ਟਾਈਪਿੰਗ: indiatyping.com
- ਟਾਈਪ ਇਜ਼ੀ: https://www.typesy.com

ਅੰਤਿਕਾ–11 ਮਾਈਕਰੋਸਾਫ਼ਟ ਐਕਸਲ

ਨੁਕਤੇ

- ਰੋਅ: ਲੇਟਵੀਆਂ ਲਾਈਨਾਂ
- ਕਾਲਮ: ਖੜ੍ਹੀਆਂ ਲਾਈਨਾਂ
- ਸੈੱਲ: ਰੋਅ ਅਤੇ ਕਾਲਮ ਦਾ ਕਾਟ ਖੇਤਰ (ਛੋਟਾ ਡੱਬਾ)
- ਸੈੱਲ ਐਡਰੈੱਸ: ਕਾਲਮ ਤੇ ਰੋਅ ਦਾ ਕ੍ਰਮਵਾਰ ਲਿਖਿਆ ਨੰਬਰ
- ਫ਼ਾਰਮੂਲਾ: ਗਣਨਾ ਕਰਨ ਲਈ ਵਰਤਿਆ ਜਾਣ ਵਾਲਾ ਗਣਿਤ ਦਾ ਸੂਤਰ
- ਫੰਕਸ਼ਨ: ਬਣੇ-ਬਣਾਏ ਫ਼ਾਰਮੂਲੇ
- ਆਟੋ ਸਮ: ਆਪਣੇ-ਆਪ ਜੋੜ ਕਰਨ ਵਾਲਾ ਫੰਕਸ਼ਨ
- ਵਰਕਬੁਕ: ਵੱਖ-ਵੱਖ ਵਰਕਸ਼ੀਟਾਂ ਦਾ ਸਮੂਹ



ਐਕਸੇਲ ਸਪਰੈੱਡਸ਼ੀਟ ਪ੍ਰੋਗਰਾਮ ਹੈ ਤੇ ਮਾਈਕਰੋਸਾਫ਼ਟ ਆਫ਼ਿਸ ਦਾ ਇਕ ਮਹੱਤਵਪੂਰਨ ਭਾਗ। ਇਸ ਦੀ ਸਕਰੀਨ ਇਕ ਵੱਡੇ ਟੇਬਲ ਦੇ ਰੂਪ ਵਿਚ ਖੁੱਲ੍ਹਦੀ ਹੈ। ਇਸ ਵਿਚ ਅੰਕੜਿਆਂ ਨੂੰ ਟੇਬਲ ਦੇ ਸੈੱਲਾਂ ਵਿਚ ਰੱਖਿਆ ਜਾਂਦਾ ਹੈ। ਐਕਸੇਲ ਦੀ ਵਰਤੋਂ ਟਾਈਮ-ਟੇਬਲ ਬਣਾਉਣ, ਇਮਤਿਹਾਨਾਂ ਦੀ ਡੇਟ-ਸ਼ੀਟ ਤਿਆਰ ਕਰਨ, ਬਾਜ਼ਾਰੀ ਖ਼ਰੀਦੋ-ਫ਼ਰੋਖ਼ਤ ਦਾ ਹਿਸਾਬ ਰੱਖਣ, ਘਰੇਲੂ ਬਜਟ ਤਿਆਰ ਕਰਨ, ਤਨਖ਼ਾਹ ਦਾ ਹਿਸਾਬ ਕਰਨ, ਵਿਦਿਆਰਥੀਆਂ ਦੀਆਂ ਫੀਸਾਂ ਦੀ ਗਣਨਾ ਆਦਿ ਕੰਮਾਂ ਨੂੰ ਕਰਨ ਲਈ ਕੀਤੀ ਜਾਂਦੀ ਹੈ।

ਅੰਤਿਕਾ–12 ਮਾਈਕਰੋਸਾਫ਼ਟ ਪਾਵਰ ਪੌਆਇੰਟ

ਪਾਵਰ ਪੌਆਇੰਟ ਇੱਕ ਪ੍ਰੈਜ਼ਨਟੇਸ਼ਨ (ਪ੍ਰਸਤੁਤੀ) ਪੈਕੇਜ ਹੈ। ਇਹ ਵਰਡ ਅਤੇ ਐਕਸੇਲ ਦੀ ਤਰ੍ਹਾਂ ਮਾਈਕਰੋਸਾਫ਼ਟ ਆਫ਼ਿਸ ਦਾ ਹਿੱਸਾ ਹੈ। ਇਸ ਵਿਚ ਸਲਾਈਡਾਂ (ਪ੍ਰਸਤੁਤੀ ਪੰਨੇ) ਤਿਆਰ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਵਿਚ ਪਾਠ, ਫ਼ੋਟੋਆਂ, ਆਵਾਜ਼ਾਂ ਤੇ ਵੀਡੀਓ ਆਦਿ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਸਲਾਈਡਾਂ ਵਿਚ ਵੱਖ-ਵੱਖ ਸਜਿੰਦ ਪ੍ਰਭਾਵ (ਐਨੀਮੇਸ਼ਨ ਅਤੇ ਟ੍ਰਾਂਜੀਸ਼ਨ) ਭਰੇ ਜਾ ਸਕਦੇ ਹਨ। ਸਲਾਈਡ ਸ਼ੋਅ ਚਲਾ ਕੇ ਸਰੋਤਿਆਂ/ਦਰਸ਼ਕਾਂ ਨੂੰ ਪ੍ਰਭਾਵਸ਼ਾਲੀ ਲੈਕਚਰ ਦਿੱਤੇ ਜਾ ਸਕਦੇ ਹਨ।



ਕੀ–ਬੋਰਡ ਸ਼ਾਰਟਕੱਟ

- F5: ਸਲਾਈਡ ਸ਼ੋਅ ਵੇਖਣ ਲਈ
- Shift + F5: ਮੌਜੂਦਾ ਸਲਾਈਡ ਤੋਂ ਸਲਾਈਡ ਸ਼ੋਅ ਚਾਲੂ ਕਰਨ ਲਈ
- Ctrl + M : ਨਵੀਂ ਸਲਾਈਡ ਦਾਖ਼ਲ ਕਰਨ ਲਈ
- Ctrl + Shift + > : ਫੌਂਟ ਦਾ ਆਕਾਰ ਵੱਡਾ ਕਰਨ ਲਈ
- Ctrl + Shift + < : ਫੌਂਟ ਦਾ ਆਕਾਰ ਛੋਟਾ ਕਰਨ ਲਈ
- Ctrl + P : ਸ਼ੋਅ ਦੌਰਾਨ ਪੈੱਨ ਟੂਲ ਚਾਲੂ ਕਰਨ ਲਈ
- E : ਸ਼ੋਅ ਦੌਰਾਨ ਪੈੱਨ ਟੂਲ ਦੀ ਡਰਾਇੰਗ ਨੂੰ ਹਟਾਉਣ ਲਈ
- Esc : ਸ਼ੋਅ ਦੌਰਾਨ ਪੈੱਨ ਟੂਲ ਬੰਦ ਕਰਨ ਲਈ
- *Slide number* + Enter : ਸਲਾਈਡ ਸ਼ੋਅ ਦੌਰਾਨ ਦਿੱਤੇ ਹੋਏ ਸਲਾਈਡ ਨੰਬਰ 'ਤੇ ਜਾਣ ਲਈ

ਭੂਮਿਕਾ

੧.

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਪਾਠ ਕਰਨ ਤੇ ਸਮਝਣ ਵਿੱਚ ਔਖਿਆਈ ਹੋ ਰਹੀ ਹੈ। ਇਸ ਦਾ ਕਾਰਨ ਸਾਡੇ ਵਿੱਚ ਉੱਦਮ ਦਾ ਘਾਟਾ ਹੈ, ਪਰ ਕੁਝ ਕਾਰਨ ਇਹ ਵੀ ਹੈ ਕਿ ਬਾਣੀ ਦੀ ਪੜ੍ਹਾਈ ਅਤੇ ਇਸ ਨੂੰ ਸੌਖਾ ਕਰ ਦੱਸਣ ਲਈ ਪੁਸਤਕਾਂ ਭੀ ਘੱਟ ਲਿਖੀਆਂ ਗਈਆਂ ਹਨ। ਜਿਹੜੀਆਂ ਮਿਲਦੀਆਂ ਭੀ ਹਨ, ਉਨ੍ਹਾਂ ਦੀ ਕੀਮਤ ਬਹੁਤ ਹੋਣ ਕਰ ਕੇ ਆਮ ਲੋਕੀਂ ਉਨ੍ਹਾਂ ਤੋਂ ਲਾਭ ਨਹੀਂ ਉਠਾ ਸਕਦੇ।

ਇਸ ਔਕੜ ਨੂੰ ਦੂਰ ਕਰਨ ਲਈ 'ਗੁਰ ਸੇਵਕ ਸਭਾ' ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ 'ਸ਼ਬਦਾਰਥ' ਟੀਕਾ ਕਰਾਉਣ ਦਾ ਉੱਦਮ ਅਰੰਭਿਆ। ਇਹ ਕੰਮ ੨੯ ਮਈ ੧੯੩੬ ਤੋਂ ਸ਼ੁਰੂ ਹੋ ਕੇ ੧੫ ਸਤੰਬਰ ੧੯੪੧ ਨੂੰ ਸੰਪੂਰਨ ਹੋਇਆ। ਇਸ ਦੇ ਲਿਖਣ ਦੀ ਸੇਵਾ ਪ੍ਰੋਫ਼ੈਸਰ ਤੇਜਾ ਸਿੰਘ, ਐਮ. ਏ., ਖਾਲਸਾ ਕਾਲਜ ਅੰਮ੍ਰਿਤਸਰ, ਬਾਵਾ ਹਰਕ੍ਰਿਸ਼ਨ ਸਿੰਘ, ਐਮ. ਏ., ਪ੍ਰਿੰਸੀਪਲ ਗੁਰੂ ਨਾਨਕ ਕਾਲਜ ਗੁਜਰਾਂਵਾਲਾ ਅਤੇ ਪ੍ਰੋਫ਼ੈਸਰ ਨਰਾਇਣ ਸਿੰਘ, ਐਮ. ਏ., ਗੁਰੂ ਨਾਨਕ ਕਾਲਜ ਗੁਜਰਾਂਵਾਲਾ, ਦੇ ਸਪੁਰਦ ਕੀਤੀ ਗਈ, ਅਤੇ ਛਪਵਾਉਣ ਆਦਿ ਦਾ ਕੰਮ ਬਾਵਾ ਸਰੂਪ ਸਿੰਘ, ਮਾਲਕ ਬਾਵਾ ਬ੍ਰਦਰਜ਼ ਲਾਹੌਰ, ਦੇ ਜ਼ਿੰਮੇ ਸੀ।

ਸ਼ੁਰੂ ਤੋਂ ਹੀ ਇਸ ਕੰਮ ਵਿੱਚ ਸੇਵਕਾਂ ਨੂੰ ਖੱਟੀ ਖੱਟਣ ਦਾ ਖ਼ਿਆਲ ਨਹੀਂ ਸੀ, ਇਸ ਲਈ ਆਰੰਭ ਵਿੱਚ ਛਪਾਈ ਕਾਗ਼ਜ਼ ਆਦਿ ਦਾ ਅੱਟਾ-ਸੱਟਾ ਲਾ ਕੇ ਚਹੁੰਆਂ ਜਿਲਦਾਂ ਦੀ ਭੇਟਾ ੧੧) ਰੱਖੀ ਗਈ। ਪਰ ਛਪਾਈ ਵਿੱਚ ਬਹੁਤ ਸਮਾਂ ਲੱਗ ਜਾਣ ਕਰ ਕੇ ਅਤੇ ਲੜਾਈ ਦੇ ਕਾਰਨ-ਜੋ ਹੁਣ ਤੱਕ ਜਾਰੀ ਹੈ-ਕਾਗਜ਼, ਸਿਆਹੀ, ਜਿਲਦਾਂ ਆਦਿ ਦਾ ਮੁੱਲ ਬਹੁਤ ਚੜ੍ਹ ਜਾਣ ਕਰ ਕੇ ਖ਼ਰਚ ਅੰਦਾਜ਼ੇ ਤੋਂ ਚਾਰ ਹਜ਼ਾਰ ਵਧੀਕ ਹੋ ਗਿਆ, ਇਸ ਲਈ ਭੇਟਾ ੧੧ ਦੀ ਥਾਂ ੧੩ ਕਰਨੀ ਪਈ। ਕੁੱਲ ਕਾਪੀਆਂ: ੨੦੦੦ ਛਪਵਾਈਆਂ ਗਈਆਂ ਸਨ। ਹੁਣ ਦੂਜੀ ਐਡੀਸ਼ਨ ਵਿੱਚ ਪਹਿਲੀਆਂ ਦੋ ਜ਼ਿਲਦਾਂ ਲਈ ਭੇਟਾ ਫ਼ੀ ਜ਼ਿਲਦ ੭॥) ਰੱਖੀ ਗਈ ਹੈ। ਬਾਕੀ ਦੀਆਂ ਦੋ ਜ਼ਿਲਦਾਂ ਦੇ ਛਪਣ ਉੱਤੇ ਉਸ ਸਮੇਂ ਦੀਆਂ ਕੀਮਤਾਂ ਤੇ ਖ਼ਰਚਾਂ ਦੇ ਮੁਤਾਬਕ ਭੇਟਾ ਵਧ ਘਟ ਕੀਤੀ ਜਾਵੇਗੀ।

੨.

ਇਸ ਟੀਕੇ ਵਿੱਚ ਸਾਰੀ ਬਾਣੀ ਨੂੰ ਚਾਰ ਪੋਥੀਆਂ ਵਿੱਚ ਵੰਡ ਕੇ ਸ਼ਬਦਾਂ ਨੂੰ ਨਖੇੜ ਕੇ ਛਾਪਿਆ ਗਿਆ ਹੈ। ਜਿਹੜੇ ਸ਼ਬਦ ਉਚਾਰਨ ਕਰਨ ਵੇਲੇ, ਜਾਂ ਅਰਥ ਕਰਨ ਲੱਗਿਆਂ, ਇਕੱਠੇ ਲੈਣੇ ਹਨ, ਉਨ੍ਹਾਂ ਨੂੰ ਬਹੁਤ ਨੇੜੇ ਕਰ ਕੇ ਛਾਪਿਆ ਹੈ। ਨਾਲ ਨਾਲ ਔਖੇ ਪਦਾਂ ਦੇ ਅਰਥ ਦਿੱਤੇ ਹਨ, ਗੂੜ੍ਹ ਭਾਵਾਂ ਨੂੰ ਖੋਲ੍ਹ ਕੇ ਦੱਸਣ ਦਾ ਯਤਨ ਕੀਤਾ ਹੈ, ਅਤੇ ਸ਼ਬਦਾਂ ਵਿੱਚ ਆਏ ਖ਼ਿਆਲਾਂ ਦੀ ਲੜੀ ਦੱਸ ਕੇ ਸਮੁੱਚਾ ਭਾਵ ਭੀ ਦਿੱਤਾ ਹੈ। ਚਾਰੇ ਪੋਥੀਆਂ ੧੪੩੦ ਪੰਨਿਆਂ ਵਿੱਚ ਪੂਰੀਆਂ ਕੀਤੀਆਂ ਹਨ, ਅਤੇ ਹਰ ਇਕ ਪੰਨੇ ਵਿੱਚ ਉਹੋ ਬਾਣੀ ਹੈ ਜੋ ੧੪੩੦ ਪੰਨੇ ਵਾਲੀ ਬੀੜ ਦੇ ਪੰਨੇ ਵਿੱਚ ਛਪੀ ਮਿਲਦੀ ਹੈ। ਇਸ ਦਾ ਲਾਭ ਇਹ ਹੋਵੇਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਿਆਂ ਜਦ ਕਿਸੇ ਲਫ਼ਜ਼ ਦਾ ਅਰਥ ਜਾਨਣ ਦੀ ਲੋੜ ਪਏ, ਪੜ੍ਹਨ ਵਾਲਾ ਝਟ ਇਸ 'ਸ਼ਬਦਾਰਥ' ਦਾ ਉਹੋ ਪੰਨਾ ਕੱਢ ਕੇ ਦੇਖ ਲਏਗਾ। ਹਰ ਇਕ ਪੰਨੇ ਦੇ ਸਾਰੇ ਔਖੇ ਸ਼ਬਦਾਂ ਦੇ ਅਰਥ ਉਸੇ ਪੰਨੇ ਉੱਤੇ ਦਿੱਤੇ ਹਨ। ਇਹ ਸੰਕੋਚ ਨਹੀਂ ਕੀਤੀ ਗਈ ਕਿ ਜਿਹੜਾ ਸ਼ਬਦ ਸਮਝ ਆਏ ਹਾਂ, ਉਸ ਨੂੰ ਮੁੜ-ਮੁੜ ਨਾ ਸਮਝਾਈਏ। ਪਾਠ ਦੀ ਸੁਧਾਈ ਉਸ ਬੀੜ ਨਾਲ ਮੇਲ ਕੇ ਕੀਤੀ ਗਈ ਹੈ, ਜਿਹੜੀ ਸ. ਸ. ਚਰਨ ਸਿੰਘ ਜੀ ਸ੍ਰੀ ਕਰਤਾਰ ਪੁਰ ਵਾਲੀ ਬੀੜ ਤੋਂ ਕਰ ਕੇ ਲਿਆਏ ਸਨ। ਅਸੀਂ ਉਨ੍ਹਾਂ ਦੇ ਭ੍ਰਾਤਾ ਸਰਦਾਰ ਪ੍ਰੀਤਮ ਸਿੰਘ ਜੀ ਦੇ ਅਤੀ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਉਸ ਸੋਧੀ ਹੋਈ ਬੀੜ ਦੇ ਦਰਸ਼ਨ ਕਰਾਏ।

ਦੂਜੀ ਐਡੀਸ਼ਨ ਵਿੱਚ ਇਹ ਗੱਲਾਂ ਹੋਰ ਵਧਾਈਆਂ ਗਈਆਂ ਹਨ :

(੧) ਵਿਦਵਾਨ ਸੱਜਣਾਂ ਵੱਲੋਂ ਆਈਆਂ ਰਾਵਾਂ ਤੇ ਸਲਾਹਵਾਂ ਦੇ ਮੁਤਾਬਕ ਅਰਥਾਂ ਦੀ ਸੋਧ। ਕਈ ਥਾਂ 'ਤੇ ਅਰਥ ਵਧੇਰੇ ਸਪਸ਼ਟ ਕੀਤੇ ਗਏ ਹਨ।

(੨) ਜਿਹੜੀਆਂ ਤੁਕਾਂ ਇਕ ਤੋਂ ਵਧੀਕ ਵਾਰੀ ਆਈਆਂ ਹਨ, ਉਨ੍ਹਾਂ ਦਾ ਥਹੁ ਪਤਾ।

(੩) ਪਾਠ ਦੀ ਵਧੇਰੇ ਸੁਧਾਈ, ਖ਼ਾਸ ਕਰ ਕੇ ਨਾਂਵੇਂ ਮਹਿਲਾ ਦੀ ਬਾਣੀ ਦੀ। ਗਉੜੀ ਅਤੇ ਆਸਾਂ ਰਾਗਾਂ ਵਿੱਚ ਕਿਧਰੇ-ਕਿਧਰੇ ਸ਼ਬਦਾਂ ਦੇ ਸਿਰਲੇਖਾਂ ਦੇ ਤਲੇ ਇਕ ਬਰੀਕ ਜਿਹਾ ਅੰਕ ਦਿੱਤਾ ਹੁੰਦਾ ਹੈ (ਦੇਖੋ ਪੰਨਾ ੨੦੪, ਫੁਟ ਨੋਟ †), ਇਸ ਦਾ ਭਾਵ ਲੱਭ ਕੇ ਸਮਝਾਇਆ ਹੈ।

Scanned with CamScanner

ਤੀਜੀ, ਚੌਥੀ ਤੇ ਪੰਜਵੀਂ ਐਡੀਸ਼ਨ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਛਾਪੀ ਗਈ ਸੀ।
ਹੁਣ ਛੇਵੀਂ ਐਡੀਸ਼ਨ ਵੀ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਛਾਪੀ ਜਾ ਰਹੀ ਹੈ।

੩.

ਅਰਥ ਦੇਖਣ ਲਈ ਇਕ ਦੋ ਗੱਲਾਂ ਦੱਸਣੀਆਂ ਜ਼ਰੂਰੀ ਹਨ। ਕਿਸੇ ਸਫ਼ੇ ਦੇ ਔਖੇ ਸ਼ਬਦਾਂ ਦੇ ਅਰਥ ਉਸੇ ਨੰਬਰ ਦੇ ਸਾਮ੍ਹਣੇ ਸਫ਼ੇ ਉੱਤੇ ਮਿਲਣਗੇ। ਇਹ ਅਰਥ ਕੁਝ ਅੰਕ (੧, ੨, ੩ ਆਦਿ) ਦੇ ਕੇ ਨੋਟਾਂ ਦੀ ਸ਼ਕਲ ਵਿੱਚ ਹਨ ਅਤੇ ਕੁਝ * † ‡ ਆਦਿ ਨਿਸ਼ਾਨ ਦੇ ਕੇ ਫੁਟ ਨੋਟਾਂ ਦੀ ਸ਼ਕਲ ਵਿੱਚ। ਕਈ ਨੋਟਾਂ ਦੇ ਅੰਕ ਸ਼ਬਦਾਂ ਦੇ ਅੰਤ ਵਿਚ ਲੱਗੇ ਹਨ ਅਤੇ ਕਈ ਸ਼ਬਦਾਂ ਦੇ ਪਹਿਲਾਂ। ਫ਼ਰਕ ਇਹ ਹੈ ਕਿ ਜਿਥੇ ਕੇਵਲ ਇਕ ਸ਼ਬਦ ਦਾ ਅਰਥ ਦੇਣਾ ਹੈ, ਉਥੇ ਨੋਟ ਵਾਲਾ ਅੰਕ ਪਿੱਛੋਂ ਦਿੱਤਾ ਹੈ, ਪਰ ਜਿਥੇ ਇਕ ਤੋਂ ਵਧੀਕ ਸ਼ਬਦਾਂ ਦਾ ਜਾਂ ਸਾਰੀ ਤੁਕ ਦਾ ਅਰਥ ਦੇਣਾ ਹੈ, ਉਥੇ ਅੰਕ ਪਹਿਲਾਂ ਦਿੱਤਾ ਹੈ। ਉਦਾਹਰਣ ਵੱਜੋਂ ਲਓ ਪੰਨਾ ੧੯੮ :

[੪]ਮਨ ਅਸਵਾਰ ਜੈਸੇ ਤੁਰੀ[੫] ਸੀਗਾਰੀ॥

ਅੰਕ ੪ 'ਮਨ ਅਸਵਾਰ' ਤੋਂ ਪਹਿਲਾਂ ਦਿੱਤਾ ਹੈ, ਕਿਉਂਕਿ ਇਥੇ ਇਕ ਤੋਂ ਵਧੀਕ ਸ਼ਬਦਾਂ ਉੱਤੇ ਨੋਟ ਦੇਣਾ ਸੀ, ਪਰ ਅੰਕ ੫ 'ਤੁਰੀ' ਤੋਂ ਉਪਰੰਤ ਆਇਆ ਹੈ, ਕਿਉਂਕਿ ਇਥੇ ਕੇਵਲ ਇਕ ਸ਼ਬਦ ਸੀ। ਲਫ਼ਜ਼ ਦਾ ਅਰਥ ਦੇ ਕੇ ਕਈ ਵਾਰੀ ਆਸ-ਪਾਸ ਦੇ ਸਾਰੇ ਖ਼ਿਆਲ ਨੂੰ ਸਪਸ਼ਟ ਕੀਤਾ ਹੁੰਦਾ ਹੈ, ਜਿਵੇਂ ਇਥੇ 'ਤੁਰੀ' ਦਾ ਅਰਥ ਦੇ ਕੇ ਡੰਡੀ ਤੋਂ ਬਾਅਦ ਸਾਰੀ ਤੁੱਕ ਦਾ ਭਾਵ ਦੇ ਦਿੱਤਾ ਹੈ। ਜਿਥੇ ਚੌਗੁਠਾ ਬਰੈਕਟ [] ਹੋਵੇ, ਉਸ ਵਿੱਚ ਕੇਵਲ ਅੱਖਰੀ ਅਰਥ ਜਾਂ ਬੁਨਿਆਦੀ ਭਾਵ, ਜਾਂ ਬੋਲੀ ਦਾ ਨਿਰਣਾ ਕੀਤਾ ਹੁੰਦਾ ਹੈ; ਜੋ ਅਰਥ ਪ੍ਰਕਰਣ ਅਨੁਸਾਰ ਹੈ, ਉਹ ਇਸ ਬਰੈਕਟ ਤੋਂ ਬਾਹਰ ਦਿੱਤਾ ਹੈ।

੪.

ਬਾਣੀ ਦੇ ਸਮਝਣ ਵਿੱਚ ਸੌਖ ਪੈਦਾ ਕਰਨ ਲਈ ਇਸ ਦੀ ਲਿਖਤ, ਖ਼ਾਸ ਕਰ ਕੇ ਸ਼ਬਦਾਂਤਿਕ ਲਗਾਂ-ਮਾਤਰਾਂ ਦੇ ਕੁਝ ਨੇਮ ਦੇਣੇ ਜ਼ਰੂਰੀ ਹਨ। ਇਨ੍ਹਾਂ ਨੇਮਾਂ ਦਾ ਪੂਰਾ ਪਤਾ ਗੁਰੂ ਮਹਾਰਾਜ ਤੋਂ ਬਿਨਾਂ ਕਿਸੇ ਨੂੰ ਨਹੀਂ ਹੋ ਸਕਦਾ, ਪਰ ਬਾਣੀ ਨੂੰ ਅਭਿਆਸ ਨਾਲ ਪੜ੍ਹਨ ਨਾਲ ਗੁਰੂ ਜੀ ਦੀ ਬੇਅੰਤ ਵਿਦਵਤਾ ਦੇ ਵਹਾਉ ਦੇ ਪਿੱਛੇ-ਪਿੱਛੇ ਚੱਲ ਕੇ ਕੁਝ ਕੁ ਥਹੁ ਲੱਗਣਾ ਸੰਭਵ ਹੈ ਕਿ ਇਹ ਵਹਾਉ ਕਿਸ ਪਾਸੇ ਚਲਦਾ ਹੈ। ਬਾਣੀ ਬੇ-ਨਿਯਮੀਂ ਨਹੀਂ ਲਿਖੀ ਹੋਈ, ਕਿਸੇ ਨਾ ਕਿਸੇ ਤਰੀਕੇ ਨਾਲ ਲਿਖੀ ਹੈ। ਉਹ ਤਰੀਕਾ ਸਦੀਆਂ ਦੀ ਅਣ-ਗਹਿਲੀ ਪਿੱਛੋਂ ਲੱਭਣਾ ਬਹੁਤ ਮੁਸ਼ਕਲ ਹੋ ਗਿਆ ਹੈ, ਪਰ ਫਿਰ ਭੀ ਸਾਰਾ ਯਤਨ ਨਿਰਾਰਥ ਨਹੀਂ ਜਾਂਦਾ, ਕੁਝ ਨਾ ਕੁਝ ਪੱਲੇ ਪੈ ਹੀ ਜਾਂਦਾ ਹੈ, ਨਹੀਂ ਤਾਂ ਟੀਕੇ ਕਰਨੇ ਜਾਂ ਕਥਾ ਵਖਿਆਨ ਦੁਆਰਾ ਬਾਣੀ ਦੇ ਪਾਠ ਜਾਂ ਭਾਵ ਬਾਬਤ ਕੁਝ ਵੀ ਕਹਿਣਾ ਨਹੀਂ ਬਣਦਾ।

ਵੰਨਗੀ ਮਾਤਰ ਕੁਝ ਕੁ ਨੇਮ ਇਹ ਹਨ :--

ਮੁਕਤਾ

੧. (ੳ) ਜਿਨ੍ਹਾਂ ਨਾਵਾਂ ਦੇ ਅੰਤ ਔਂਕੜ ਹੋਵੇ, ਉਹ ਆਮ ਕਰ ਕੇ ਇਕ-ਵਚਨ *(Singular)* ਹੁੰਦੇ ਹਨ। ਉਨ੍ਹਾਂ ਦਾ ਬਹੁ-ਵਚਨ *(plural)* ਬਣਾਉਣ ਲਈ ਅੰਤਲੇ ਅੱਖਰ ਨਾਲੋਂ ਔਂਕੜ ਲਾਹ ਕੇ ਮੁਕਤ ਕੀਤਾ ਜਾਂਦਾ ਹੈ। ਜਿਵੇਂ :- ਨੇਹ, 'ਤਿਨ ਨੇਹੁ ਲਗਾ ਰਬ ਸੇਤੀ' (ਵਾਰ ਆਸਾ)। 'ਸਭਿ ਕੂੜੇ ਤੁਟੇ ਨੇਹ' (ਸ੍ਰੀਰਾਗੁ ਮ: ੧)। ਪਹਿਲੀ ਤੁਕ ਵਿੱਚ 'ਨੇਹੁ' ਇਕ-ਵਚਨ ਹੈ ਤੇ ਦੂਜੀ ਵਿੱਚ ਬਹੁ-ਵਚਨ ਹੋਣ ਕਰ ਕੇ 'ਹ' ਮੁਕਤਾ ਹੈ।

(ਅ) ਬਹੁ-ਵਚਨ ਨਾਂਵ ਦੇ ਵਿਸ਼ੇਸ਼ਣ *(adjective)* ਦਾ ਭੀ ਅੰਤਲਾ ਅੱਖਰ ਮੁਕਤਾ ਹੁੰਦਾ ਹੈ; ਜਿਵੇਂ- "ਅਮੁਲ ਗੁਣ ਅਮੁਲ ਵਾਪਾਰ" (ਜਪੁ)।

੨. (ੳ) ਇਤਸਰੀ-ਲਿੰਗ ਨਾਵਾਂ *(feminine nouns)* ਦੇ ਅੰਤ ਵਿੱਚ ਔਂਕੜ ਨਹੀਂ ਹੁੰਦਾ, ਮੁਕਤਾ ਹੁੰਦਾ ਹੈ: ਜਿਵੇਂ ਦੇਹ: "ਮਨੁ ਤਨੁ ਦੇਹ ਸੁਖਾਲੀ" (ਸੋਰਠਿ ਮ: ੫)। ਇਸੇ ਤਰ੍ਹਾਂ ਸਾਰ (ਖ਼ਬਰ), ਵਾਰ (ਵੇਰ),

Scanned with CamScanner

ਵਾਤ, ਧੋਖ, ਆਸ ਭੁਖ ਕਲਮ, ਵਾਟ, ਸੇਵ, ਵੇਲ ਆਦਿ।

ਨੋਟ :-- ਕਈ ਇਸਤਰੀ-ਲਿੰਗ ਨਾਵਾਂ ਦੇ ਅੰਤ ਔਂਕੜ ਮੂਲਿਕ ਅੰਗ ਹੋਣ ਕਰ ਕੇ ਜ਼ਰੂਰ ਆਉਂਦਾ ਹੈ। ਦੇਖੋ ਨੇਮ ੨੮।

(ਅ) ਇਸਤਰੀ-ਲਿੰਗ ਨਾਂਵ ਦੇ ਵਿਸ਼ੇਸ਼ਣ ਦਾ ਭੀ ਅੰਤਲਾ ਔਂਕੜ ਲਹਿ ਕੇ ਮੁਕਤਾ ਹੋ ਜਾਂਦਾ ਹੈ, ਜਿਵੇਂ: "ਫਕੜ ਜਾਤੀ ਫਕੜੁ ਨਾਉ" (ਮ: ੧, ਵਾਰ ਸ੍ਰੀਰਾਗ) ਇਥੇ 'ਜਾਤੀ' ਇਸਤਰੀ-ਲਿੰਗ ਹੈ, ਇਸ ਲਈ ਇਸ ਦੇ ਵਿਸ਼ੇਸ਼ਣ 'ਫਕੜ' ਦਾ ਅੰਤਲਾ ਅੱਖਰ ਮੁਕਤਾ ਹੈ। ਕਵਣ : "ਕਵਣ ਥਿਤਿ ਕਵਣੁ ਵਾਰੁ" (ਜਪੁ)।

੩. (ੳ) ਜਦ ਕੋਈ ਨਾਂਵ ਸੰਬੋਧਨ ਕਾਰਕ *(vocative case)* ਵਿੱਚ ਹੋਵੇ, ਅਰਥਾਤ ਹੇ ਅਮੁਕੇ ਮਨੁੱਖ ਕਰ ਕੇ ਬੁਲਾਇਆ ਹੋਵੇ, ਤਾਂ ਉਸ ਦਾ ਅੰਤਲਾ ਔਂਕੜ ਲਹਿ ਜਾਂਦਾ ਹੈ, ਜਿਵੇਂ :- 'ਨਾਨਕ ਪਾਵਹੁ ਸੂਖ ਘਨੇਰੇ' (ਸੁਖਮਨੀ)। 'ਸੁਨਿ ਮੀਤਾ ਨਾਨਕੁ ਬਿਨਵੰਤਾ' (ਸੁਖਮਨੀ)। ਪਹਿਲੀ ਤੁਕ ਵਿੱਚ ਅਰਥ 'ਹੇ ਨਾਨਕ' ਹੈ, ਇਸ ਕਰ ਕੇ 'ਕ' ਮੁਕਤਾ ਹੈ, ਦੂਜੀ ਵਿੱਚ ਕਰਤਾ ਕਾਰਕ ਹੈ, ਇਸ ਲਈ ਅੰਤ ਔਂਕੜ ਹੈ।

(ਅ) ਇਸ ਸੰਬੋਧਨ ਕਾਰਕ ਵਾਲੇ ਨਾਂਵ ਨਾਲ ਜੋ ਵਿਸ਼ੇਸ਼ਣ ਹੋਵੇ, ਉਹ ਭੀ ਮੁਕਤਾ-ਅੰਤ ਹੋਵੇਗਾ; 'ਨਾਨਕ ਕਾਢਿ ਲੇਹੁ ਪ੍ਰਭ ਦਇਆਲ' (ਸੁਖਮਨੀ)

੪. *ਸੰਬੰਧ ਕਾਰਕ (Possessive case) ਵਿੱਚ ਸੰਬੰਧੀ ਨਾਂਵ ਦੇ ਅੰਤਲੇ ਅੱਖਰ ਨਾਲੋਂ ਔਂਕੜ ਲਹਿ ਕੇ ਮੁਕਤਾ*
ਹੋ ਜਾਂਦਾ ਹੈ।

ਮੋਖ ਦੁਆਰੁ : 'ਮੰਨੈ ਪਾਵਹਿ ਮੋਖੁ ਦੁਆਰੁ' (ਜਪੁ)।

ਇਸੇ ਤਰ੍ਹਾਂ ਗੁਰ ਸਿੱਖ, ਗੁਰ ਬਾਣੀ, ਸਾਧ ਸੰਗੁ, ਆਦਿ।

ਇਸੇ ਲਈ 'ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ' (ਸਦੁ) ਵਿੱਚ 'ਪੁਰਾਣ ਦੀ ਕਥਾ' ਅਰਥ ਨਹੀਂ ਹੋ ਸਕਦਾ, ਕਿਉਂਕਿ 'ਪੁਰਾਣੁ' ਦੇ ਅੰਤ ਔਂਕੜ ਹੈ।

੫. *ਜਿਨ੍ਹਾਂ ਨਾਵਾਂ ਦੇ ਨਾਲ ਬਿਨੁ, ਕਉ, ਸੇਤੀ, ਵਿਚਿ ਆਦਿ ਸੰਬੰਧਕੀ ਪਦ (prepositions) ਆਉਣ, ਉਨ੍ਹਾਂ ਦਾ ਅੰਤਲਾ ਔਂਕੜ ਲਹਿ ਜਾਂਦਾ ਹੈ :-*

ਮਹਿ : 'ਸਗਲ ਉਦਮ ਮਹਿ ਉਦਮੁ ਭਲਾ' (ਸੁਖਮਨੀ)।

'ਖਿਨ ਮਹਿ ਉਪਜੈ ਖਿਨਿ ਖਪੈ ਖਿਨੁ ਆਵੈ ਖਿਨੁ ਜਾਇ' (ਸ੍ਰੀਰਾਗੁ ਮ: ੧)।

ਕੰਨਾ

੬. ਬਹੁਵਾਚਕ *(plural)* : ਚੰਦੁ ਤੋਂ ਚੰਦਾ, ਰਸੁ ਤੋਂ ਰਸਾ, ਪੁੰਨੁ ਤੋਂ ਪੁੰਨਾ, ਬੰਧਨੁ ਤੋਂ ਬੰਧਨਾ, ਵਾਦੁ ਤੋਂ ਵਾਦਾ; ਦਾਸੁ ਤੋਂ ਦਾਸਾ।

ਸਿਹਾਰੀ

੭. (ੳ) ਸਿਹਾਰੀ ਸਭ ਤੋਂ ਵਧ ਕੇ ਸਥਾਨ-ਵਾਚੀ ਸੰਬੰਧਕੀ ਪਦਾਂ *(prepositions)* ਦੇ ਅੰਤ ਵਿੱਚ ਵਰਤੀ ਗਈ ਹੈ; ਜਿਵੇਂ :- ਵਿਚਿ, ਉਪਰਿ, ਬਾਹਰਿ, ਅੰਦਰਿ, ਸੰਗਿ, ਪਾਸਿ, ਨਜੀਕਿ, ਬਰਾਬਰਿ, ਗੋਲਿ, ਤੁਲਿ, ਮਹਿ, ਨਿਕਟਿ, ਵਲਿ, ਪਾਰਿ, ਆਦਿ।

(ਅ) ਇਕ-ਵਚਨੀ ਨਾਵਾਂ ਦੇ ਅੰਤ ਵਿੱਚ ਸਥਾਨ-ਵਾਚੀ ਸੰਬੰਧਕੀ ਚਿੰਨ੍ਹ ਵਜੋਂ :-

ਰਾਹੀਂ, ਦੁਆਰਾ : 'ਕਿਤ ਸੰਜਮਿ ਇਹ ਜਾਇ' (ਵਾਰ ਆਸਾ), ਕਿਸ ਸੰਜਮ ਦੁਆਰਾ।

ਵਿਚਿ : 'ਸੁਣਿਐ ਲਾਗੈ ਸਹਜਿ ਧਿਆਨੁ' (ਜਪੁ, ਸਹਜ ਵਿੱਚ)।

ਤੋਂ ਜਾਂ ਥੋਂ : 'ਧੁਰਿ ਮਾਰੇ ਪੂਰੈ ਸਤਿਗੁਰੂ', (ਵਾਰ ਗੋ:) ਧੁਰ ਤੋਂ।

ਨਾਲ : 'ਝਖੜਿ ਵਾਉ ਨ ਡੋਲਈ' (ਵਾਰ ਸਤਾ), ਝਖੜ ਨਾਲ।

ਨੋਟ : ਪਰ ਮੁਕਤਾਂਤ ਇਸਤਰੀ-ਲਿੰਗ ਹੋਵੇ, ਤਾਂ ਸਥਾਨ-ਵਾਚੀ ਸਿਹਾਰੀ ਨਹੀਂ ਲੱਗਦੀ।

੮. ਸਥਾਨ-ਵਾਚਕ ਜਾਂ ਕਾਲ-ਵਾਚਕ ਕਿਰਿਆ-ਵਿਸ਼ੇਸ਼ਣਾਂ *(Adverbs)* ਨਾਲ।

Scanned with CamScanner

'ਹਰਿ ਅੰਤਰਿ ਬਾਹਰਿ ਨਾਲਿ ਹੈ' (ਬਿਹਾਗੜਾ ਮ: ੪)।

'ਹੁਣਿ ਸੁਣੀਐ ਕਿਆ ਰੂਆਇਆ' (ਵਾਰ ਆਸਾ)।

ਇਸੇ ਤਰ੍ਹਾਂ ਬੇਗਿ, ਅਬਿ, ਜਦਿ, ਕਦਿ, ਵਤਿ, ਫੇਰਿ, ਬਹੁਰਿ, ਫੁਨਿ, ਪੁਨਰਪਿ, ਤਤਕਾਲਿ, ਓੜਕਿ, ਆਦਿ।

੯. ਸਿਹਾਰੀ ਪੂਰਬ-ਪੂਰਣ ਕਾਰਦੰਤਕ *(conjunctive participle)* ਦੇ ਧਾਤੂ ਸ਼ਬਦ ਦੇ ਅੰਤ ਵਿੱਚ ਭੀ ਆਉਂਦੀ ਹੈ; ਅਰਥਾਤ ਜਿਸ ਸ਼ਬਦ ਦੇ ਅਰਥ ਹੋਣ, ਅਮਕਾ ਕੰਮ ਕਰ ਕੇ, ਉਸ ਦੇ ਅੰਤ ਸਿਹਾਰੀ ਹੁੰਦੀ ਹੈ:

ਛੋਡਿ, ਬੈਸਿ : 'ਮਾਸੁ ਛੋਡਿ ਬੈਸਿ ਨਕੁ ਪਕੜਹਿ' (ਮ: ੧, ਵਾਰ ਮਲਾਰ)।

ਬੀਜਿ : 'ਬੀਜੁ ਬੀਜਿ ਦੇਖਿਓ ਬਹੁ ਪਰਕਾਰਾ' (ਸੂਹੀ ਮ: ੫)।

੧੦. ਉੱਪਰ ਦੱਸੀ ਕਾਰਦੰਤਕ *(Participle)* ਜਾਂ ਭਾਵਾਰਥ ਦੇ ਨਾਲ ਆਣਾ, ਜਾਣਾ, ਬਹਿਣਾ,ਰਹਿਣਾ, ਸਕਣਾ ਆਦਿ ਸਹਾਇਕ-ਕਿਰਿਆ ਲਾ ਕੇ ਜੋ ਸੰਯੁਕਤ-ਕਿਰਿਆ *(compound verbs)* ਬਣਦੀਆਂ ਹਨ, ਉਨ੍ਹਾਂ ਵਿੱਚ ਭੀ ਕਾਰਦੰਤਕ ਦੇ ਅੰਤ ਵਿੱਚ ਸਿਹਾਰੀ ਹੁੰਦੀ ਹੈ :

ਬਨਿ : 'ਸੇਵਕ ਕਉ ਸੇਵਾ ਬਨਿ ਆਈ' (ਸੁਖਮਨੀ)।

ਕਢਿ : 'ਇਕਨਾ ਭਾਣੈ ਕਢਿ ਲਏ' (ਵਾਰ ਆਸਾ)।

ਇਸੇ ਤਰ੍ਹਾਂ ਛਡਿ ਬਹਹਿ, ਲਿਖਿ ਜਾਣੈ, ਪੂਰਿ ਰਹਿਓ, ਪੀਵਿ ਰਹੇ, ਲਗਾ ਪੜਨਿ, ਆਦਿ।

੧੧. ਕਈ ਵੇਰ ਪ੍ਰਤੱਖ ਅਨੁਮਤਜਾਰਥ ਲਕਾਰ *(imperative mood)* ਨਾਲ :

ਜਪਿ, ਸਾਲਾਹਿ, ਸਿਮਰਿ, ਆਹਿ : 'ਏਕੋ ਜਪਿ ਏਕੋ ਸਾਲਾਹਿ॥'

'ਏਕੁ ਸਿਮਰਿ ਏਕੋ ਮਨਿ ਆਹਿ' (ਸੁਖਮਨੀ)।

ਧਰਿ : ਧਰਿ ਜੀਅਰੇ ਇਕ ਟੇਕ ਤੂ' (ਬਾ: ਅ: ਮ: ੫)।

੧੨. ਗੁਰਬਾਣੀ ਵਿੱਚ ਇਕ ਤਰ੍ਹਾਂ ਦੀ ਅਧੀਨ ਵਾਕੰਸ (subordinate clause) ਆਉਂਦੀ ਹੈ, ਜੋ ਹੁਣ ਲੋਪ ਹੋ ਗਈ ਹੈ। (ਇਹਦੇ ਮੁਕਾਬਲੇ ਉੱਤੇ ਅੱਜ-ਕਲ੍ਹ ਅਸੀਂ ਕਹਿੰਦੇ ਹਾਂ : ਹੁਕਮ ਮੰਨਿਆ, ਸਿਰ ਨਿਵਾਇਆ, ਮਨ ਦੇ ਜਿਤਿਆਂ, ਧਾਨ ਦੇ ਖਾਧਿਆਂ ਆਦਿ।) ਇਸ ਅਧੀਨ ਵਾਕੰਸ ਵਿੱਚ ਮੁੱਖ-ਵਾਕ ਦਾ ਕਾਰਣ ਦਿੱਤਾ ਹੁੰਦਾ ਹੈ।

ਜਿਵੇਂ : 'ਕੂੜਿ ਕਮਾਣੈ ਕੂੜੋ ਹੋਵੈ', 'ਹੁਕਮਿ ਮੰਨਿਐ ਹੋਵੈ ਪਰਵਾਣੁ॥'

ਇਨ੍ਹਾਂ ਵਿੱਚ ਪਹਿਲੇ ਦੋ ਸ਼ਬਦ ਅਧੀਨ ਵਾਕੰਸ ਹਨ; ਪਹਿਲਾ ਸ਼ਬਦ ਨਾਂਵ ਹੈ, ਦੂਜਾ ਕਿਰਿਆ। ਨਾਂਵ ਦੇ ਅੰਤ ਸਿਹਾਰੀ ਹੈ ਤੇ ਕਿਰਿਆ ਦੇ ਅੰਤ ਦੁਲਾਵਾਂ।

ਮਨਿ ਜੀਤੈ : ਮਨਿ ਜੀਤੈ ਜਗੁ ਜੀਤੁ' (ਜਪੁ)।

ਧਾਨਿ ਖਾਧੈ : 'ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ' (ਮ: ੩, ਆਸਾ ਪੱਟੀ)।

ਲੋਕਿ ਪਤੀਣੈ, ਸਤਿਗੁਰਿ ਮਿਲਿਐ, ਨਾਮਿ ਸਲਾਹਿਐ, ਸਾਜਨਿ ਮਿਲਿਐ, ਪਾਰਸਿ ਪਰਸਿਐ, ਪਿੰਡਿ ਮੂਐ, ਮੁਖਿ ਜੋਰਿਐ।

੧੩. (ੳ) ਜਦ ਸਮਾਨ ਵਰਤਮਾਨ ਕਿਰਿਆ *(present imperfect verb)* ਦੇ ਅੰਤ ਵਿੱਚ ਨੰਨਾ ਹੋਵੇ ਅਤੇ ਉਸ ਦਾ ਕਰਤਾ ਬਹੁਵਚਨ ਅਨਜ ਪੁਰਖ *(third person plural)* ਹੋਵੇ ਤਾਂ ਅੰਤਲੇ ਨੰਨੇ ਨਾਲ ਸਿਹਾਰੀ ਜ਼ਰੂਰ ਹੋਵੇਗੀ :

ਗਾਵਨਿ, ਜਾਣਨਿ : 'ਗਾਵਨਿ ਤੁਧ ਨੋ ਚਿਤੁ ਗੁਪਤੁ ਲਿਖਿ ਜਾਣਨਿ' (ਸੋ ਦਰੁ)।

ਵਾਇਨਿ, ਨਚਨਿ : 'ਵਾਇਨਿ ਚੇਲੇ ਨਚਨਿ ਗੁਰ' (ਵਾਰ ਆਸਾ)।

ਜਪੁ ਜੀ ਦੀ ਤੁਕ 'ਸੁਣਿਐ ਮੁਖਿ ਸਾਲਾਹਣ ਮੰਦੁ' ਵਿੱਚ 'ਸਾਲਾਹਣ' ਦਾ ਅਰਥ 'ਸਲਾਹੁੰਦੇ ਹਨ' ਨਹੀਂ ਹੋ ਸਕਦਾ।

(ਅ) ਜਦ ਅੰਤਲੇ ਸਸੇ-ਨੰਨੇ ਵਾਲੀ ਕਿਰਿਆ ਭਵਿਖਤ ਕਾਲ *(Future Tense)* ਵਿੱਚ ਹੋਵੇ ਤੇ ਉਸ ਦਾ ਕਰਤਾ ਬਹੁਵਚਨ ਅਨਜ-ਪੁਰਖ ਹੋਵੇ, ਤਾਂ ਭੀ ਅੰਤ ਵਿੱਚ ਸਿਹਾਰੀ ਹੁੰਦੀ ਹੈ: ਜਿਵੇਂ- ਪਉਸਨਿ, ਜਾਸਨਿ, ਸਿੰਞਪਸਨਿ, ਬਹਸਨਿ।

Scanned with CamScanner

੧੪. ਜਦ ਬਹੁ-ਵਚਨ ਅਨਯ ਪੁਰਖ (third person plural) ਦੀ ਕਿਰਿਆ ਸਮਾਨ ਵਰਤਮਾਨ ਕਾਲ (Present imperfact) ਵਿੱਚ ਹੋਵੇ ਤਾਂ ਭੀ ਅੰਤਲੇ 'ਹ' ਨਾਲ ਸਿਹਾਰੀ ਹੁੰਦੀ ਹੈ : ਜਿਵੇਂ :- 'ਮਾਰਹਿ ਲੂਟਹਿ ਨੀਤ ਨੀਤ' (ਗੌ: ਮ: ੧)

੧੫. ਜਦ ਇਕ-ਵਚਨ ਮਧਮ ਪੁਰਖ (Second person singular) ਦੀ ਕਿਰਿਆ ਸਮਾਨ ਵਰਤਮਾਨ ਕਾਲ (*Present imperfect*) ਵਿੱਚ ਹੋਵੇ ਤਾਂ ਭੀ ਅੰਤਲੇ 'ਹ' ਨਾਲ ਸਿਹਾਰੀ ਹੁੰਦੀ ਹੈ : ਜਿਵੇਂ :- 'ਵੇਲਿ ਪਰਾਈ ਜੋਹਹਿ ਜੀਅੜੇ' (ਗੌ: ਮ: ੧) 'ਹੰਸੁ ਚਲਿਆ ਤੂੰ ਪਿਛੈ? ਰਹੀ ਏਹਿ ਛੂਟੜਿ ਹੋਈਅਹਿ ਨਾਰੀ' (ਗੌ: ਮ: ੧)।

ਨੋਟ: ਜਦ ਉੱਤਮ ਪੁਰਖ ਬਹੁ-ਵਚਨ ਹੋਵੇ (First Person Plural) ਤਾਂ ਇਸ ਦੀ ਸਮਾਨ ਵਰਤਮਾਨ ਵਾਲੀ ਕਿਰਿਆ ਦਾ 'ਹ' ਮੁਕਤਾ ਹੁੰਦਾ ਹੈ : ਜਿਵੇਂ ਰੀਸਾ ਕਰਹਿ ਤਿਨਾੜੀਆ' (ਵਾਰ ਸ੍ਰੀਰਾਗ ਮ: ੪); 'ਆਵਹੁ ਭੈਣੇ ਗਲਿ ਮਿਲਹ' (ਸ੍ਰੀਰਾਗੁ ਮ: ੧)।

੧੬. ਮੂਲਿਕ ਸਿਹਾਰੀ; ਅਰਥਾਤ ਜੇ ਕੋਈ ਸ਼ਬਦ ਕਿਸੇ ਹੋਰ ਬੋਲੀ ਵਿੱਚੋਂ ਆਉਂਦਿਆਂ ਆਪਣੇ ਨਾਲ ਅੰਤਲੀ ਸਿਹਾਰੀ ਲਿਆਇਆ ਹੋਵੇ, ਤਾਂ ਉਹ ਸਿਹਾਰੀ ਕਾਇਮ ਰਹਿੰਦੀ ਹੈ :
ਹਰਿ, ਨਾਰਿ, ਰਾਸਿ, ਜੁਗਤਿ, ਧੁਨਿ, ਭੂਮਿ, ਧਰਤਿ, ਪ੍ਰੀਤਿ, ਦ੍ਰਿਸਟਿ, ਸਿਮ੍ਰਿਤਿ, ਮੇਦਨਿ ਰੈਣਿ, ਰੁਤਿ, ਸ੍ਰਿਸਟਿ, ਅਗਨਿ, ਜੋਤਿ, ਖਿਤਿ, ਸ਼ਾਂਤਿ, ਹਸਤਿ, ਨਿਧਿ, ਰਿਧਿ, ਸਿਧਿ, ਜੋਨਿ, ਬਿਭੂਤਿ, ਸੁਰਤਿ, ਧੂਰਿ ਆਦਿ।

੧੭. ਇਸਤਰੀ-ਲਿੰਗ ਵਾਚਕ ਸਿਹਾਰੀ :

(ੳ) ਭੰਡਾਰਣਿ, ਅਹਰਣਿ, ਸੋਹਾਗਣਿ, ਪਰਦੇਸਨਿ, ਬੈਰਨਿ, ਮਾਲਿਨਿ, ਸਾਹਨਿ, ਸਾਪਨਿ, ਦਾਮਨਿ, ਪੜੋਸਨਿ, ਸਉਕਨਿ, ਤੇਜਣਿ, ਆਣਿ, ਕਾਮਣਿ, ਤਰੁਣਿ, ਪਾਲਿ, ਦਾਤਿ, ਤਪਤਿ ਆਦਿ। ਅਰਬੀ ਤੋਂ ਆਏ ਇਸਤਰੀ-ਲਿੰਗ ਨਾਂਵ ਜਿਨ੍ਹਾਂ ਦੇ ਅੰਤਿ 'ਤੇ' ਦੀ ਥਾਂ ਤਤਾ ਹੋਵੇ ਸਿਹਾਰੀ ਨਾਲ ਆਉਂਦੇ ਹਨ : ਕੁਦਰਤਿ, ਸਿਫਤਿ, ਹਿਕਮਤਿ, ਮਿਹਰਾਮਤਿ, ਸਰੀਅਤਿ, ਕੀਮਤਿ, ਮੁਹਲਤਿ, ਨੀਅਤਿ, ਸੂਰਤਿ।

(ਅ) ਵਿਸ਼ੇਸ਼ਣੀ ਪਦ ਜਦ ਇਸਤਰੀ-ਲਿੰਗ ਵਾਲੇ ਨਾਂਵ ਕਰ ਕੇ ਵਰਤੇ ਜਾਂਦੇ ਹਨ, ਤਾਂ ਭੀ ਅੰਤ ਸਿਹਾਰੀ ਆਉਂਦੀ ਹੈ। ਬੇਪੀਰਿ, ਕੂੜਿਆਰਿ, ਸੁੰਦਰਿ, ਸੁਜਾਣਿ, ਚਤੁਰਿ, ਚੰਚਲਿ, ਸੁਘਰਿ, ਨਿਰਗੁਨਿ, ਪਰਧਾਨਿ, ਕੁਰੂਪਿ, ਸਰੂਪਿ, ਸੇਵਕਿ।

੧੮. ਸੰਖਿਆ-ਵਾਚਕ, ਅਨਿਸਚਿਤ ਪੜਨਾਂਵਾਂ ਜਾਂ ਵਿਸ਼ੇਸ਼ਣਾਂ (indefinite numeral pronouns or adjectives) ਦੀ ਬਹੁ-ਵਾਚਕ ਸੰਖਿਆ *(plural)* ਪ੍ਰਗਟ ਕਰਨ ਲਈ ਭੀ ਸਿਹਾਰੀ ਆਉਂਦੀ ਹੈ।
'ਧਰਤੀ ਹੋਰੁ ਪਰੈ ਹੋਰੁ ਹੋਰੁ' (ਜਪੁ) ਵਿੱਚ 'ਹੋਰੁ' ਇਕ-ਵਚਨ ਹੈ ਪਰ
'ਏਤੇ ਕੀਤੇ ਹੋਰਿ ਕਰੇਹਿ' (ਜਪੁ) ਵਿੱਚ 'ਹੋਰਿ' ਬਹੁ-ਵਚਨ ਹੈ।
'ਇਕਿ ਦਾਤੇ ਇਕਿ ਭੇਖਾਰੀ ਜੀ' ਵਿੱਚ 'ਇਕਿ' ਬਹੁ-ਵਚਨ ਹੈ।
'ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ। ਸੰਤ ਜਨਾ ਕੈ ਹਿਰਦੈ ਸਭਿ ਧਰਮ' (ਸੁਖਮਨੀ)।
ਪਹਿਲੀ ਤੁਕ ਵਿੱਚ 'ਸਭੁ' ਇਕ-ਵਚਨ ਹੈ, ਦੂਜੀ ਵਿੱਚ 'ਸਭਿ' ਬਹੁ-ਵਚਨ ਹੈ।

੧੯. ਨਿਸਚੇ-ਵਾਚਕ ਪੜਨਾਂਵ ਜਾਂ ਵਿਸ਼ੇਸ਼ਣ *(demonstrative pronouns or adjectives)* ਇਹੁ, ਏਹੁ, ਓਹੁ, ਜਦ ਪੁਲਿੰਗ ਇਕ-ਵਚਨ *(masculine singular)* ਹੋਣ ਤਾਂ ਅੰਤ ਔਂਕੜ ਹੁੰਦਾ ਹੈ, ਜਾਂ ਜਦ ਇਸਤਰੀ-ਲਿੰਗ *(feminine)* ਹੋਣ ਤਾਂ ਅੰਤ ਮੁਕਤਾ ਹੁੰਦਾ ਹੈ ; ਪਰ ਜਦ ਇਹ ਬਹੁ-ਵਚਨ ਹੋਣ ਤਾਂ ਅੰਤਲੇ 'ਹ' ਨਾਲ ਸਿਹਾਰੀ ਲੱਗਦੀ ਹੈ;
'ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥' (ਜਪੁ)। 'ਤੂ ਓਨਾ ਕਾ ਤੇਰੇ ਓਹਿ' (ਸ੍ਰੀਰਾਗੁ ਮ: ੧)।

੨੦. (ੳ) *ਜਦ ਕਿਰਿਆ ਭੂਤ ਕਾਲ (past tense) ਵਿੱਚ ਹੋਵੇ, ਤਾਂ ਉਸ ਦੇ ਕਰਤਾ ਉੱਤੇ ਜ਼ੋਰ ਦੇਣ ਲਈ ਕਰਤਾ ਦੇ ਅੰਤਲੇ ਅੱਖਰ ਨਾਲ ਸਿਹਾਰੀ ਹੁੰਦੀ ਹੈ।*

Scanned with CamScanner

ਗੁਰ : 'ਗੁਰਿ ਹਾਥੁ ਧਰਿਓ ਮੇਰੈ ਮਾਥਾ' (ਜੈਤਸਰੀ ਮ: ੪)।

ਪ੍ਰਭਿ : 'ਸਰਬ ਕਲਿਆਣ ਪ੍ਰਭਿ ਕੀਨੇ' (ਸੋਰਠਿ ਮ: ੫)।

ਇਸੇ ਤਰ੍ਹਾਂ : ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ' (ਸਵਯੇ ਮ: ੪)।

'ਪਿਰਿ ਛੋਡਿਅੜੀ ਸੁਤੀ ਪਿਰ ਕੀ ਸਾਰ ਨ ਜਾਣੀ' (ਤੁਖਾਰੀ ਮ: ੧)।

(ਅ) *ਕਰਤਾ ਕਾਰਕ ਦੀ ਨਿਸ਼ਾਨੀ (ਇਕ ਵਚਨ ਹੋਵੇ ਤਾਂ)।*

'ਆਪਿ' ਕਰਤਾ ਹੈ; 'ਆਪੁ' ਕਰਮ ਹੈ ਅਤੇ ਅਰਥ ਹੈ, ਆਪਣਾ ਆਪ।

'ਜਿਨ ਕਉ ਆਪਿ ਦੇਇ ਵਡਿਆਈ' (ਮ: ੪, ਵਾਰ ਗੌ:)।

'ਜਿਥੈ ਗੁਰੂ ਆਪੁ ਰਖਿਆ' (ਸਦੁ)।

ਇਸੇ ਤਰ੍ਹਾਂ ਤਿਨਿ, ਜਿਨਿ, ਖੁਦਿ ਦਾ ਹਾਲ ਹੈ; ਪਰ ਜਿੰਨ, ਤਿਨ ਬਹੁ-ਵਚਨ ਹੋਣ ਕਰ ਕੇ ਮੁਕਤਾਂਤ ਆਉਂਦੇ ਹਨ।

'ਜਿਨ ਮਨਿ ਪ੍ਰੀਤਿ ਲਗੀ ਹਰਿ ਕੇਰੀ ਤਿਨ ਧੁਰਿ ਭਾਗ ਪੁਰਾਨਾ' (ਜੈਤਸਰੀ ਮ: ੪)

'ਜਿਨ ਚਾਖਿਆ ਸੇ ਜਨ ਤ੍ਰਿਪਤਾਨੇ' (ਸੁਖਮਨੀ)।

੨੧. *ਕਈ ਵੇਰ ਕਵਿਤਾ ਦੀ ਲੋੜ ਅਨੁਸਾਰ ਲੰਮੀ ਅਵਾਜ਼ ਨੂੰ ਛੋਟੀ ਕਰਨ ਲਈ ਹੋਰਨਾਂ ਲਗਾਂ ਮਾਤਰਾ ਦੀ ਥਾਂ ਸਿਹਾਰੀ ਵਰਤੀ ਹੁੰਦੀ ਹੈ :*

ਚਾਲਸਿ=ਚਾਲਸੀ, ਉਤਰਸਿ=ਉਤਰਸੀ, ਦੁਬਲਿ=ਦੁਬਲੀ,

ਸੁਆਮਿ=ਸੁਆਮੀ, ਦਰਬਾਰਿ=ਦਰਬਾਰੀ, ਨੇਰਿ=ਨੇੜੇ, ਤਲਿ=ਤਲੇ,

ਕਿੰਨਿ=ਕਿੰਨੇ, ਸਾਸਤ੍ਰਗਿ=ਸਾਸਤ੍ਰਗਜ, ਧੰਨਿ=ਧੰਨਜ, ਸਤਿ=ਸਤਜ।

ਬਿਹਾਰੀ

੨੨. *ਬਹੁ-ਵਚਨੀ ਨਾਂਵਾਂ ਦੇ ਅੰਤ ਸੰਬੰਧਕੀ ਅਰਥ ਦਿੰਦੀ ਹੈ :*

ਪੁਤ੍ਰੀ=ਪੁਤ੍ਰੀਂ ਪੁਤ੍ਰਾਂ ਨੇ; ਅਖੀ=ਅੱਖੀਂ, ਅੱਖਾਂ ਨੂੰ ਜਾਂ ਦੁਆਰਾ, ਥਣੀ=ਥਣਾਂ ਕਰ ਕੇ।

੨੩. *ਉਸ ਕਿਰਿਆ ਦੇ ਅੰਤ ਵਿੱਚ ਜਿਸ ਦੇ ਅਰਥ ਹੋਣ, ਮੈਂ ਕਰਾਂ ਜਾਂ ਕਰਦਾ ਹਾਂ।*

ਸੋਚੀ=ਸੋਚੀਂ, ਮੈਂ ਸੋਚਾਂ, ਠਗੀ=ਠਗੀਂ, ਮੈਂ ਠੱਗਦਾ ਹਾਂ।

੨੪. (ੳ) *ਨੇਮ ੧੩ ਵਾਲੀ ਸਿਹਾਰੀ ਦੀ ਥਾਂ :*

ਲਹਨੀ=ਲਹਨਿ, ਲੈਂਦੇ ਹਨ, ਚਲਨੀ=ਚਲਨਿ, ਚੇਤਨੀ=ਚੇਤਨਿ, ਚੇਤਦੇ।

(ਅ) *ਸੰਬੰਧਕੀ ਅਰਥਾਂ ਵਿੱਚ :*

ਨਦਰੀ=ਨਦਰਿ, ਨਦਰ ਨਾਲ, ਵਿਜੋਗੀ=ਵਿਜੋਗਿ, ਵਿਜੋਗ ਨਾਲ।

ਔਂਕੜ

੨੫. *ਪੁਲਿੰਗ ਇਕ-ਵਚਨ (masculine singular) ਦੀ ਨਿਸ਼ਾਨੀ :*

'ਇਹੁ ਸਰੀਰੁ ਕਰਿ ਡੰਡੀ' (ਰਾਮਕਲੀ ਮ: ੩)। 'ਅਮੁਲੁ ਧਰਮੁ ਅਮੁਲੁ ਦੀਬਾਣੁ' (ਜਪੁ)।

ਨੋਟ: ਭਾਵ-ਵਾਚੀ ਨਾਵਾਂ (abstract nouns) ਦੇ ਅੰਤ ਵਿੱਚ ਕਈਆਂ ਹੋਰਨਾਂ ਸ਼ਬਦਾਂ ਵਿੱਚ ਜਿਥੇ ਛੋਟਾ ਵਵਾ ਹੁੰਦਾ ਹੈ, ਉਥੇ ਕਈ ਵਾਰ ਵਵੇ ਦੀ ਥਾਂ ਔਂਕੜ ਹੋ ਜਾਂਦਾ ਹੈ, ਜਿਵੇਂ : ਸਤ੍ਵ ਦੀ ਥਾਂ ਸਤੁ, ਬਿਸ੍ਵੰਭਰ ਦੀ ਥਾਂ ਬਿਸੁੰਭਰ, ਮਹਤ੍ਵ ਦੀ ਥਾਂ ਮਹਤੁ, ਤਤ੍ਵ ਦੀ ਥਾਂ ਤਤੁ। ਇਸੇ ਤਰ੍ਹਾਂ ਪੈਰਾਂ ਵਾਲੇ ਛੋਟੇ ਰਾਰੇ ਦੀ ਥਾਂ ਔਂਕੜ ਆ ਜਾਂਦਾ ਹੈ। ਜਿਵੇਂ : ਮੰਤ੍ਰ ਦੀ ਥਾਂ ਮੰਤੁ, ਕਲਤ੍ਰ ਦੀ ਥਾਂ ਕਲਤੁ, ਪਵਿਤ੍ਰ ਦੀ ਥਾਂ ਪਵਿਤੁ।

੨੬. ਸਧਾਰਨ ਭੂਤ ਕਾਲ ਕਿਰਿਆ (past tense) ਜਿਸ ਦੇ ਅੰਤ ਨੰਨਾ ਹੋਵੇ ਅਤੇ ਜਿਸ ਦਾ ਕਰਤਾ ਇਕ-ਵਚਨ ਅਨਜ ਪੁਰਖ (third person singular) ਹੋਵੇ, ਉਸ ਦੇ ਨੰਨੇ ਨਾਲ ਔਂਕੜ ਚਾਹੀਏ :-

ਬਖਸਿਅਨੁ=ਉਸ ਨੇ ਬਖਸ਼ਿਆ, ਉਤਾਰਿਅਨੁ, ਰਖਿਅਨੁ, ਲਈਅਨੁ, ਨਿਕਾਲਿਅਨੁ।

੨੭. ਜਦੋਂ ਕਿਰਿਆ ਦਾ ਅਰਥ ਹੋਵੇ, 'ਪਿਆ ਕਰੇ', 'ਪਿਆ ਮਰੇ', 'ਸੜ' ਜਾਵੇ, ਤਾਂ ਅੰਤ ਵਿੱਚ ਔਂਕੜ

Scanned with CamScanner

ਆਉਂਦਾ ਹੈ, ਜਿਵੇਂ 'ਲੋਗੁ ਨਿੰਦਉ (ਗੋ: ਕਬੀਰ)=ਲੋਕ ਪਿਆ ਨਿੰਦੇ, ਸਾਹਿਬੁ ਰੋਸੁ ਧਰਉ ਕਿ ਪਿਆਰੁ' (ਗੌੜੀ ਕਬੀਰ), 'ਜਲਨੁ ਸਿ ਬਾਹੜੀਆਹਾ' (ਵਡਹੰਸ ਮ: ੧)।

੨੮.(ੳ) ਕਈ ਅਜੇਹੇ ਸ਼ਬਦ ਹਨ, ਜਿਨ੍ਹਾਂ ਦੇ ਅੰਤ ਵਿੱਚ ਔਕੜ ਮੂਲਿਕ ਅੰਗ ਹੋਣ ਕਰ ਕੇ ਹਰ ਹਾਲਤ ਵਿੱਚ ਕਾਇਮ ਰਹਿੰਦਾ ਹੈ :

ਕਿਤੁ, ਸਭਤੁ, ਬਿਨੁ, ਬਿੰਦੁ।

(ਅ) ਇਸਤਰੀ-ਲਿੰਗ ਨਾਂਵਾਂ ਦੇ ਅੰਤ ਵਿੱਚ ਜੋ ਨਾ ਨੇਮ ੨ ਦੇ ਹੇਠਾਂ ਆਉਂਦੇ ਹਨ ਤੇ ਨਾ ਨੇਮ ੧੭ ਦੇ ਹੇਠਾਂ, ਸਗੋਂ ਉਨ੍ਹਾਂ ਦੇ ਅੰਤ ਮੂਲਿਕ ਔਕੜ ਹੁੰਦਾ ਹੈ, ਅਰਥਾਤ ਜਿਸ ਬੋਲੀ ਵਿੱਚੋਂ ਆਏ ਹਨ, ਔਕੜ ਨਾਲ ਲਿਆਏ ਹਨ :

ਧਾਤੁ, ਬਿਖੁ, ਰਤੁ, ਮਲੁ, ਮਸੁ, ਵਸਤੁ, ਵਖੁ, ਰੇਣੁ, ਧੇਨੁ।

ਦੁਲੈਂਕੜੇ

੨੯. ਲਹਿੰਦੀ ਪੰਜਾਬੀ ਦੇ ਕਿਸੇ ਨਾਂਵ ਨਾਲ ਜਦ ਉਸ ਦੇ ਪਿੱਛੇ ਸੰਬੰਧਕੀ ਪਦ (ਕੂੰ, ਜੇਡੂ, ਤੇ) ਵਰਤਿਆ ਜਾਣਾ ਹੋਵੇ। ਵਸਤੂ : 'ਵਸਤੂ ਅੰਦਰਿ', 'ਜਿੰਦੂ : ਜਿੰਦੂ ਕੂੰ ਸਮਝਾਇ' 'ਖਾਕੂ ਜੇਡੂ', 'ਸਸੂ ਤੇ ਪਿਰਿ ਕੀਨੀ ਵਾਖਿ'।

੩੦. ਸੰਬੰਧਕੀ ਅਰਥਾਂ ਵਿੱਚ ਖੇਹੂ=ਖੇਹ ਵਿੱਚ।

ਲਾਂ

੩੧. ਸਿਹਾਰੀ ਦੀ ਥਾਂ :

ਪੜੇ=ਪੜਿ : 'ਕਬਿਤ ਪੜੇ ਪੜਿ ਕਬਿਤਾ ਮੂਏ' (ਸੋਰਠਿ ਕਬੀਰ)।

ਕੂੜੇ=ਕੂੜਿ, ਕੂੜ ਵਿੱਚ, 'ਅਸੰਖ ਕੂੜਿਆਰ ਕੂੜੇ ਫਿਰਾਹਿ' (ਜਪੁ)

ਸੰਗੇ=ਸੰਗਿ, ਸਾਥੇ=ਸਾਥਿ, ਧੁਰੇ=ਧੁਰਿ, ਉਪਰੇ=ਉਪਰਿ।

ਦੁਲਾਈਆਂ

੩੨. ਸਥਾਨ-ਵਾਚੀ ਸੰਬੰਧਕੀ ਅਰਥਾਂ ਵਿੱਚ।

ਦੂਜੈ=ਦੂਜੇ ਨੂੰ, 'ਦੂਜੈ ਲਗੀ ਜਾਇ' (ਵਾਰ ਆਸਾ)।

ਰਿਦੈ=ਰਿਦੇ ਵਿੱਚ, ਮੰਦੈ=ਮੰਦੇ ਵਿੱਚ, ਜੰਘੀਐ=ਜੰਘਾਂ ਨਾਲ,

ਕਹਣੈ=ਕਹਣ ਨਾਲ, ਸੂਐ=ਸੂਏ ਉੱਤੇ, ਚਉਕੈ=ਚਉਕੇ ਵਿੱਚ।

੩੩. ਨਾਂਵ ਦੇ ਅੰਤ ਵਿੱਚ ਜਿਹਦੇ ਨਾਲ ਸੰਬੰਧਕੀ ਪਦ (ਅੰਦਰ, ਨਾਲ ਆਦਿ) ਵਰਤਿਆ ਜਾਣਾ ਹੋਵੇ 'ਘਰੈ ਅੰਦਰਿ', 'ਨਾਵੈ ਨਾਲਿ' 'ਨਾਵੈ ਨੋ ਲੋਚਦੀ'।

ਕਨੌੜਾ

੩੪. ਸਥਾਨ-ਵਾਚੀ ਸੰਬੰਧਕ ਦੇ ਤੌਰ 'ਤੇ :

ਆਪੌ=ਆਪ ਤੋਂ, ਮੁਹੌ=ਮੂੰਹ ਤੋਂ, ਜੀਭੌ= ਜੀਭ ਤੋਂ।

ਨੋਟ: ਜਦ ਦੋ ਸ਼ਬਦ ਆਮ ਤੌਰ 'ਤੇ ਇਕੱਠੇ ਆਉਂਦੇ ਹੋਣ, ਤਾਂ ਭਾਵੇਂ ਉਤਲੇ ਨੇਮਾਂ ਅਨੁਸਾਰ ਔਕੜ ਜਾਂ ਸਿਹਾਰੀ ਦੋਹਾਂ ਨਾਲ ਲਗਣੀ ਜ਼ਰੂਰੀ ਦਿੱਸੇ, ਫਿਰ ਭੀ ਨੇਮ ਵਾਲੀ ਲਗ ਮਾਤਰ ਕਈ ਵੇਰ ਇਕੋ ਨਾਲ ਲੱਗੀ ਹੁੰਦੀ ਹੈ। ਜਿਵੇਂ :

ਮਿਤ੍ਰ-ਸਤ੍ਰੁ, ਗਹਰ-ਗੰਭੀਰੁ, ਰੂਪ-ਰੰਗੁ, ਜੰਮਣ-ਮਰਣੁ, ਆਵਣ-ਜਾਣੁ, ਗੁਰ-ਕਰਤਾਰਿ, ਪ੍ਰੇਮ-ਪਿਆਰਿ, ਨਰਕ-ਘੋਰਿ, ਕਾਮ-ਕ੍ਰੋਧਿ।

✡ ✡ ✡

Scanned with CamScanner